# ਪੰਜਾਬੀ ਲੋਕਧਾਰਾ ਅਤੇ ਸਭਿਆਚਾਰ

## ਵਰਤਮਾਨ ਚੁਣੌਤੀਆਂ

ਸੰਪਾਦਕ
ਡਾ. ਸਰਬਜੀਤ ਕੌਰ ਸੋਹਲ

© Punjab Sahit Academy
Kala Bhawan, Rose Garden
Sector 16-B, Chandigarh
Cont:- 0172-2771472

Punjabi lok Dhara Ate Sabhyachar
Varatman Chunotian

Edited By
Dr. Sarbjeet Kaur Sohal
Mobile: 98151-72073

**Year : 2019**

**ISBN : 978-93-87276-97-0**

**Price : - 220**

Published By
**Gracious Books**
Office : LIG-13 Phase-1 Urban Estate, Patiala.
SCO : 23 Shalimar Plaza Opp. Punjabi University, Patiala.
Ph-91-175-5017642, 91-175-5007643
graciousbooks@yahoo.co.in
www.graciousbooks.in

Printed At : Anand Sons, New Delhi

# ਤਤਕਰਾ

ਸੰਪਾਦਕੀ 9

• ਸਭਿਆਚਾਰਕ ਅਤੇ ਉਪ-ਸਭਿਆਚਾਰਕ ਪਛਾਣ: ਵਰਤਮਾਨ ਚੁਣੌਤੀਆਂ 15
**ਡਾ. ਹਰਜਿੰਦਰ ਸਿੰਘ**

• ਪੰਜਾਬੀ ਸਭਿਆਚਾਰ ਵਿਚ ਪੱਛਮੀਕਰਨ ਦੀਆਂ ਚੁਣੌਤੀਆਂ 29
**ਡਾ. ਜਗੀਰ ਸਿੰਘ ਢੇਸਾ**

• ਪੰਜਾਬੀ ਸਭਿਆਚਾਰ ਦੇ ਵਰਤਮਾਨ ਰੁਝਾਨ 32
**ਡਾ. ਸੁਖਜੀਤ ਕੌਰ**

• ਪੰਜਾਬੀ ਲੋਕ-ਧਾਰਾ ਅਤੇ ਸਭਿਆਚਾਰ ਵਰਤਮਾਨ ਚੁਣੌਤੀਆਂ 37
**ਡਾ. ਕੁਲਜੀਤ ਕੌਰ ਸਿੱਧੂ**

• ਪੰਜਾਬੀ ਲੋਕਧਾਰਾ ਅਤੇ ਗਿੱਧਾ: ਬਦਲਦੇ ਪਰਿਪੇਖ 42
**ਡਾ. ਸ਼ਾਹਬਾਜ ਸਿੰਘ**

• ਪੰਜਾਬੀ ਲੋਕਧਾਰਾ ਅਤੇ ਸਭਿਆਚਾਰ : ਵਰਤਮਾਨ ਚੁਣੌਤੀਆਂ 55
**ਡਾ. ਰਾਜਵਿੰਦਰ ਕੌਰ**

• ਪੰਜਾਬੀ ਸਭਿਆਚਾਰ ਦਾ ਸੰਗਠਨ, ਵਿਗਠਨ ਅਤੇ ਪੁਨਰਗਠਨ 63
**ਗੁਰਪ੍ਰੀਤ ਸਿੰਘ**

• ਪੰਜਾਬੀ ਲੋਕਧਾਰਾ ਅਤੇ ਮਰਾਸੀ ਕਬੀਲੇ ਦਾ ਸਾਹਿਤ: ਅੰਤਰ-ਸੰਵਾਦ 74
**ਹਰਜਿੰਦਰ ਸਿੰਘ**

• ਲੋਕ ਸੰਗੀਤ ਨੂੰ ਦਰਪੇਸ਼ ਵਰਤਮਾਨ ਚੁਣੌਤੀਆਂ 88
**ਅਮਨਪ੍ਰੀਤ ਕੌਰ ਢੀਂਡਸਾ**

• ਪੰਜਾਬੀ ਲੋਕ ਮਾਨਸਿਕਤਾ ਦੀ ਸਿਰਜਣਾਕਾਰੀ 94
(ਲੋਕ ਗੀਤ ਅਤੇ ਅਜੋਕੀ ਗੀਤਕਾਰੀ ਦੇ ਪ੍ਰਸੰਗ ਵਿਚ)
**ਗੁਰਵਿੰਦਰ ਸਿੰਘ**

• ਪੰਜਾਬੀ ਸਭਿਆਚਾਰ : ਵਰਤਮਾਨ ਚੁਣੌਤੀਆਂ 103
**ਜਸਪ੍ਰੀਤ ਕੌਰ**

# ਸਭਿਆਚਾਰਕ ਅਤੇ ਉਪ-ਸਭਿਆਚਾਰਕ ਪਛਾਣ: ਵਰਤਮਾਨ ਚੁਣੌਤੀਆਂ

ਡਾ. ਹਰਜਿੰਦਰ ਸਿੰਘ*

ਸਭਿਆਚਾਰ ਅਜਿਹਾ ਵਰਤਾਰਾ ਹੈ ਜਿਸ ਵਿੱਚੋਂ ਕਿਸੇ ਵਿਸ਼ੇਸ਼ ਖਿੱਤੇ ਦੇ ਲੋਕਾਂ ਦੇ ਜੀਵਨ ਵਿਹਾਰ ਨੂੰ ਸਮੁੱਚੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਹ ਵਰਤਾਰਾ ਐਨਾ ਵਿਸ਼ਾਲ, ਪਰਿਵਰਤਨਸ਼ੀਨ ਅਤੇ ਸਰਵ-ਵਿਆਪਕ ਹੈ ਕਿ ਇਸ ਨੂੰ ਪਰਿਭਾਸ਼ਿਤ ਕਰਨਾ ਕਠਿਨ ਕਾਰਜ ਹੈ।ਪ੍ਰਕਿਰਤੀ ਨੇ ਮਨੁੱਖ ਦੀ ਸਿਰਜਨਾ ਕੀਤੀ ਹੈ ਤੇ ਮਨੁੱਖ ਨੇ ਸਭਿਆਚਾਰ ਦੀ ਸਿਰਜਣਾ ਕੀਤੀ ਹੈ। ਮਨੁੱਖ ਸਮਾਜਿਕ ਜੀਵ ਹੋਣ ਕਰ ਕੇ ਹੀ ਸਭਿਆਚਰਕ ਤਕਾਜ਼ਿਆਂ ਅਨੁਸਾਰ ਜਿਉਂਦਾ ਹੈ। ਇਹੀ ਜਿਉਂਣ ਢੰਗ ਮਨੁੱਖ ਨੂੰ ਪ੍ਰਕਿਰਤੀ ਦੇ ਬਾਕੀ ਜੀਵ-ਜੰਤੂਆਂ ਤੋਂ ਅਲੱਗ ਕਰਦਾ ਹੈ। ਇਸ ਲਈ ਉਹ ਸਭ ਕੁਝ ਜਿਸ ਵਿੱਚੋਂ ਦੀ ਲੰਘ ਕੇ ਮਨੁੱਖ ਆਪਣੀ ਜੀਵਕ ਹੋਂਦ ਤੋਂ ਉੱਚਾ ਉੱਠਦਾ ਹੈ ਅਤੇ ਇਕ ਮਨੁੱਖੀ ਪਾਸਾਰ ਅਖਤਿਆਰ ਕਰਦਾ ਹੈ ਨੂੰ ਸਭਿਆਚਾਰ ਦਾ ਨਾਂ ਦਿੱਤਾ ਜਾਂਦਾ ਹੈ।[1] ਅਸਲ ਵਿਚ ਇਕ ਵਿਸ਼ੇਸ਼ ਭੂਗੋਲਿਕ ਖਿੱਤੇ ਦੇ ਲੋਕ ਜੋ ਕੁਝ ਸੰਯੁਕਤ ਰੂਪ ਵਿਚ ਗ੍ਰਹਿਣ ਕਰ ਕੇ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਦਾ ਹਿੱਸਾ ਬਣਾ ਲੈਣ ਉਸ ਸਭ ਕੁਝ ਨੂੰ ਸਭਿਆਚਾਰ ਕਿਹਾ ਜਾਂਦਾ ਹੈ। ਸਭਿਆਚਾਰ ਪ੍ਰਕਿਰਤੀ ਅਤੇ ਮਨੁੱਖ ਦੇ ਦਵੰਦਾਤਮਕ ਸਬੰਧਾਂ ਦੀ ਪੈਦਾਵਾਰ ਹੁੰਦਾ ਹੋਇਆ ਮਨੁੱਖੀ ਜੀਵਨ ਜਿੰਨਾ ਹੀ ਵਿਸ਼ਾਲ ਅਤੇ ਅਹਿਮ ਵਰਤਾਰਾ ਹੋ ਨਿਬੜਦਾ ਹੈ। ਇਸੇ ਪਰਿਪੇਖ ਵਿਚ ਸਭਿਆਚਾਰ ਦੀ ਪਰਿਭਾਸ਼ਾ ਦੇਣ ਤੋਂ ਪਹਿਲਾਂ 'ਸਭਿਆਚਾਰ' ਸ਼ਬਦ ਦੇ ਪਿਛੋਕੜ ਨੂੰ ਜਾਣਨਾ ਸਾਰਥਿਕ ਹੋਵੇਗਾ।

## ਸਭਿਆਚਾਰ: ਸ਼ਾਬਦਿਕ ਅਰਥ

ਸਭਿਆਚਾਰ ਦੇ ਸ਼ਾਬਦਿਕ ਅਰਥ ਸਭਿਆ+ਆਚਾਰ ਹਨ। 'ਸਭਿਆ' ਦਾ ਅਰਥ ਹੈ ਸੁਲਝਿਆ ਹੋਇਆ ਅਤੇ 'ਆਚਾਰ' ਦਾ ਅਰਥ ਹੈ ਆਚਰਨ। ਇਸ ਲਈ ਸੁਲਝਿਆ ਹੋਇਆ ਆਚਰਨ ਹੀ ਸਭਿਆਚਾਰ ਹੁੰਦਾ ਹੈ। ਹਿੰਦੀ ਭਾਸ਼ਾ ਵਿਚ

---

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਯੂਨੀਵਰਸਿਟੀ ਕਾਲਜ, ਚੂੰਨੀ ਕਲਾਂ, ਫ਼ਤਹਿਗੜ੍ਹ ਸਾਹਿਬ।

ਸਭਿਆਚਾਰ ਨੂੰ 'ਸੰਸਕ੍ਰਿਤੀ' ਕਿਹਾ ਜਾਂਦਾ ਹੈ। 'ਸੰਸਕ੍ਰਿਤੀ' ਸ਼ਬਦ ਦਾ ਅਰਥ ਵੀ ਸੁਧਾਰੀ, ਸੰਵਾਰੀ, ਉਚੇਰੀ ਅਵਸਥਾ ਹੈ। ਅੰਗਰੇਜ਼ੀ ਦੇ ਸ਼ਬਦ 'ਕਲਚਰ'(Culture) ਦਾ ਅਰਥ ਪਾਲਣਾ, ਪੋਸਣਾ, ਸਾਧਨਾ ਆਦਿ ਕੀਤਾ ਜਾਂਦਾ ਹੈ। ਇਉਂ ਵੱਖ-ਵੱਖ ਭਾਸ਼ਾ ਵਿਚਲੇ ਸ਼ਬਦਾਂ ਦੇ ਅਰਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਸਮਾਜ ਦੇ ਬਸ਼ਿੰਦਿਆਂ ਦਾ ਸੁਧਰਿਆ ਹੋਇਆ ਜੀਵਨ-ਵਿਹਾਰ ਹੀ ਸਭਿਆਚਾਰ ਹੁੰਦਾ ਹੈ।

**ਸਭਿਆਚਾਰ : ਪਰਿਭਾਸ਼ਾ**

ਸਭਿਆਚਾਰ ਅਜਿਹਾ ਮਹੱਤਵਪੂਰਨ, ਬਹੁ-ਦਿਸ਼ਾਵੀ, ਬਹੁ-ਪਾਸਾਰੀ ਅਤੇ ਸਰਵ-ਵਿਆਪੀ ਵਰਤਾਰਾ ਹੈ ਜਿਸ ਨੂੰ ਪਰਿਭਾਸ਼ਿਤ ਕਰਨਾ ਔਖਾ ਕਾਰਜ ਹੈ। ਫਿਰ ਵੀ ਬਹੁਤ ਸਾਰੇ ਸਮਾਜ-ਸ਼ਾਸਤਰੀਆਂ, ਮਾਨਵ-ਵਿਗਿਆਨੀਆਂ ਅਤੇ ਸਾਹਿਤਕ ਚਿੰਤਕਾਂ ਨੇ ਸਭਿਆਚਾਰ ਨੂੰ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ ਪਰ ਕਿਸੇ ਇਕ ਵਿਦਵਾਨ ਦੀ ਪਰਿਭਾਸ਼ਾ ਨੂੰ ਸੰਪੂਰਨ ਨਹੀਂ ਮੰਨਿਆ ਜਾ ਸਕਦਾ।

ਸਭਿਆਚਾਰ ਦੀ ਪਹਿਲੀ ਅਤੇ ਮਹੱਤਵਪੂਰਨ ਪਰਿਭਾਸ਼ਾ ਅੰਗਰੇਜ਼ ਮਾਨਵ-ਵਿਗਿਆਨੀ ਐਡਵਰਡ ਬੀ.ਟਾਈਲਰ ਨੇ ਦਿੱਤੀ ਹੈ। ਟਾਈਲਰ ਅਨੁਸਾਰ:

> "ਸਭਿਆਚਾਰ ਜਾਂ ਸਭਿਅਤਾ ਆਪਣੇ ਮਾਨਵ ਜਾਤੀ ਵਿਗਿਆਨਕ ਅਰਥਾਂ (Ethnographic) ਵਿਚ ਉਹ ਜਟਿਲ ਸਮੁੱਚ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ-ਰਿਵਾਜ਼ ਅਤੇ ਉਹ ਵਿਵਹਾਰ ਤੇ ਆਦਤਾਂ ਸ਼ਾਮਲ ਹਨ ਜਿਨ੍ਹਾਂ ਨੂੰ ਮਨੁੱਖ ਸਮਾਜ ਦਾ ਅੰਗ ਹੋਣ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ।"[2]

ਰਾਮਧਾਰੀ ਸਿੰਘ ਦਿਨਕਰ ਅਨੁਸਾਰ:

> "ਇਕ ਸਮਾਜ ਦੇ ਲੋਕ ਜਿਸ ਤਰ੍ਹਾਂ ਖਾਂਦੇ-ਪੀਂਦੇ, ਰਹਿੰਦੇ-ਸਹਿੰਦੇ, ਪੜ੍ਹਦੇ-ਲਿਖਦੇ, ਸੋਚਦੇ-ਸਮਝਦੇ ਅਤੇ ਰਾਜ-ਭਾਗ ਚਲਾਉਂਦੇ ਅਥਵਾ ਧਰਮ-ਕਰਮ ਕਰਦੇ ਹਨ, ਇਨ੍ਹਾਂ ਸਭ ਕਾਰਜਾਂ ਵਿਚ ਉਨ੍ਹਾਂ ਦੀ ਸੰਸਕ੍ਰਿਤੀ ਨਿਹਿਤ ਹੁੰਦੀ ਹੈ।"[3]

ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਅਨੁਸਾਰ:

> "ਸਭਿਆਚਾਰ ਇਕ ਜੁੱਟ ਅਤੇ ਜਟਿਲ ਸਿਸਟਮ ਹੈ ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚੱਲਿਤ ਕਦਰਾਂ-ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਤੇ ਬੌਧਿਕ ਵਰਤਾਰੇ ਸ਼ਾਮਿਲ ਹੁੰਦੇ ਹਨ।"[4]

ਡਾ. ਜਸਵਿੰਦਰ ਸਿੰਘ ਅਨੁਸਾਰ:

> "ਸਭਿਆਚਾਰ ਦੀ ਪਰਿਭਾਸ਼ਾ, ਸੁਭਾਅ ਤੇ ਸਾਰ ਦਾ ਇਹ ਮੂਲ ਆਧਾਰ ਹੈ ਕਿ ਇਹ ਪ੍ਰਕਿਰਤੀ ਉੱਪਰ ਮਨੁੱਖੀ ਅਮਲ ਦੇ ਫਲਸਰੂਪ ਸਿਰਜਿਆ ਗਿਆ ਅਜਿਹਾ ਮੌਲਿਕ, ਵੱਖਰਾ ਅਤੇ ਨਵੀਨ ਪ੍ਰਬੰਧ ਹੈ, ਜਿਸ ਦੀ ਆਪਣੀ ਸੁਤੰਤਰ ਹੋਂਦ ਹੈ। ਇਸ ਨੂੰ ਪ੍ਰਕਿਰਤੀ ਅਤੇ ਸਭਿਆਚਾਰ ਦੇ ਵਿਰੋਧ ਰਾਹੀਂ ਦਰਸਾਇਆ ਜਾ ਸਕਦਾ ਹੈ।"[5]

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਸਭਿਆਚਾਰ ਇਕ ਅਜਿਹਾ ਸਰਵ-ਵਿਆਪਕ ਵਰਤਾਰਾ ਹੈ ਜਿਸ ਵਿਚ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਵਿਚ ਵਸਣ ਵਾਲ਼ੇ ਮਨੁੱਖੀ ਸਮੂਹ ਦੇ ਰੀਤੀ-ਰਿਵਾਜ਼, ਵਹਿਮ-ਭਰਮ, ਵਿਸ਼ਵਾਸ, ਪਹਿਰਾਵਾ, ਖਾਣ-ਪੀਣ, ਰਹਿਣ-ਸਹਿਣ, ਕੀਮਤ-ਪ੍ਰਬੰਧ, ਸਾਹਿਤ, ਇਤਿਹਾਸ, ਲਲਿਤ-ਕਲਾਵਾਂ, ਧਰਮ, ਵਿਸ਼ਵ-ਦ੍ਰਿਸ਼ਟੀਕੋਣ, ਫ਼ਲਸਫ਼ਾ, ਭਾਸ਼ਾ ਆਦਿ ਨਿਹਿਤ ਹੁੰਦੇ ਹਨ।

## ਸਭਿਆਚਾਰ : ਪ੍ਰਕਿਰਤੀ

ਮਨੁੱਖ ਅਤੇ ਪ੍ਰਕਿਤੀ ਦੇ ਦਵੰਦਾਤਮਕ ਸਬੰਧਾਂ ਵਿੱਚੋਂ ਹੀ ਸਭਿਆਚਾਰ ਦੀ ਸਿਰਜਨਾ ਹੋਈ ਹੈ। ਆਪਣੀ ਚੇਤਨਾ ਦੇ ਮੁਢਲੇ ਪੜਾਅ ਤੋਂ ਹੀ ਮਨੁੱਖ ਪ੍ਰਕਿਰਤੀ ਨੂੰ ਸਮਝਣ, ਇਸ ਨੂੰ ਆਪਣੇ ਹਿੱਤਾਂ ਅਨੁਕੂਲ ਢਾਲਣ ਜਾਂ ਆਪਣੇ ਆਪ ਨੂੰ ਪ੍ਰਕਿਰਤੀ ਦੇ ਅਨੁਸਾਰ ਨਿਰਧਾਰਤ ਕਰਦੇ ਹਨ। ਸ਼ਿਆਮ ਚਰਨ ਦੂਬੇ ਸਮਾਜਿਕ ਮਨੁੱਖ ਨੂੰ ਇੱਕੋ ਸਮੇਂ ਤਿੰਨ ਵਿਭਿੰਨ ਦਵੰਦਾਤਮਕ ਸਬੰਧਾਂ ਵਿਚ ਕਾਰਜਸ਼ੀਲ ਵੇਖਦਾ ਹੈ। ਇਹ ਤਿੰਨੇ ਦਵੰਦਾਤਮਕ ਸਬੰਧ ਹੀ ਸਭਿਆਚਾਰ ਦੇ ਤਿੰਨ ਅਹਿਮ ਪੱਖਾਂ ਦੀ ਸਿਰਜਣਾ ਕਰਦੇ ਹਨ: "(ੳ) ਮਨੁੱਖ ਅਤੇ ਪ੍ਰਕਿਰਤੀ ਦਾ ਦਵੰਦ (ਅ) ਮਨੁੱਖ ਅਤੇ ਸਮਾਜ ਦਾ ਦਵੰਦ (ੲ) ਮਨੁੱਖ ਅਤੇ ਸਵੈ ਦਾ ਦਵੰਦ"[6] ਇਉਂ ਇਹ ਤਿੰਨੇ ਕਿਸਮ ਦੇ ਦਵੰਦਾਤਮਕ ਸਬੰਧ ਸਭਿਆਚਾਰ ਦਾ ਪਦਾਰਥਕ ਪੱਖ, ਪ੍ਰਤੀਮਾਨਕ ਪੱਖ ਅਤੇ ਬੋਧਾਤਮਕ ਪੱਖ ਸਿਰਜਦੇ ਹਨ। ਇਨ੍ਹਾਂ ਤਿੰਨਾਂ ਪੱਖਾਂ ਨੂੰ ਸਾਹਮਣੇ ਰੱਖ ਕੇ ਸਭਿਆਚਾਰ ਦੀ ਪ੍ਰਕਿਰਤੀ/ਸਰੂਪ ਨੂੰ ਕੁਝ ਹੱਦ ਤਕ ਸਮਝਿਆ ਜਾ ਸਕਦਾ ਹੈ।

## ਪਦਾਰਥਕ ਸਭਿਆਚਾਰ

ਪਦਾਰਥਕ ਸਭਿਆਚਾਰ ਵਿਚ ਮਨੁੱਖ ਦੁਆਰਾ ਸਿਰਜੀਆਂ ਅਤੇ ਪ੍ਰਕਿਰਤੀ ਤੋਂ ਪ੍ਰਾਪਤ ਪਰੰਤੂ ਵਰਤੋਂ ਵਿਚ ਆਉਂਦੀਆਂ ਸਾਰੀਆਂ ਵਸਤੂਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਮਨੁੱਖ ਦੇ ਸਮਾਜਿਕ ਵਿਕਾਸ ਦੇ ਨਾਲ-ਨਾਲ ਉਸ ਦੇ ਪਦਾਰਥਕ ਸਭਿਆਚਾਰ ਦੀਆਂ ਪ੍ਰਾਪਤੀਆਂ ਵਿਚ ਵੀ ਵਾਧਾ ਹੁੰਦਾ ਰਹਿੰਦਾ ਹੈ। ਅਜੋਕੇ ਖਪਤ

ਸਭਿਆਚਾਰ ਦੇ ਦੌਰ ਵਿਚ ਬੰਦੇ ਦੀ ਪਦਾਰਥਾਂ ਪ੍ਰਤੀ ਲਾਲਸਾ ਬੇਹੱਦ ਵਧ ਗਈ ਹੈ। ਜਿਸ ਸਦਕਾ ਪਦਾਰਥਕ ਸਭਿਆਚਾਰ ਵਿਚ ਬੰਦੇ ਦੇ ਖਾਣ-ਪੀਣ ਦੇ ਪਦਾਰਥ, ਪਹਿਰਾਵਾ, ਹਾਰ-ਸ਼ਿੰਗਾਰ, ਆਵਾਜਾਈ ਅਤੇ ਢੋਆ-ਢੁਆਈ ਦੇ ਸਾਧਨ, ਸੰਚਾਰ-ਸਾਧਨ, ਵਿਭਿੰਨ ਤਰ੍ਹਾਂ ਦੇ ਮਾਪ-ਯੰਤਰ, ਇਮਾਰਤਾਂ, ਪੂਜਾ-ਸਮੱਗਰੀ, ਸੰਦ ਅਤੇ ਹਥਿਆਰ ਆਦਿ ਆ ਜਾਂਦੇ ਹਨ।

**ਪ੍ਰਤੀਮਾਨਕ ਸਭਿਆਚਾਰ**

ਪ੍ਰਤੀਮਾਨਕ ਸਭਿਆਚਾਰ ਮਨੁੱਖੀ ਵਿਵਹਾਰ ਲਈ ਰੋਕਾਂ/ਬੰਦਸ਼ਾਂ ਆਇਦ ਕਰਦਾ ਹੈ। ਇਹ ਸਭਿਆਚਾਰ ਬੰਦੇ ਦੇ ਸਮਾਜ ਵਿਚ ਵਿਚਰਨ ਲਈ ਕੁਝ ਨਿਯਮ ਘੜ੍ਹਦਾ ਹੈ ਜਿਨ੍ਹਾਂ ਦੀ ਪਾਲਣਾ ਕਰਨਾ ਬੰਦੇ ਦਾ ਧਰਮ ਸਮਝਿਆ ਜਾਂਦਾ ਹੈ। ਸਮਾਜ ਵਿਚ ਰਹਿੰਦਾ ਹਰ ਬੰਦਾ ਘੱਟ ਜਾਂ ਵੱਧ ਇਨ੍ਹਾਂ ਵਿਵਹਾਰਕ ਨਿਯਮਾਂ ਤੋਂ ਜਾਣੂ ਹੁੰਦਾ ਹੈ ਅਤੇ ਲੋੜ ਅਨੁਸਾਰ ਇਨ੍ਹਾਂ ਦੀ ਪਾਲਣਾ ਕਰਦਾ ਹੈ। ਇਹਨਾਂ ਵਿੱਚੋਂ ਕੁਝ ਨਿਯਮ ਪ੍ਰਤੱਖ ਤੌਰ 'ਤੇ ਸਿਖਾਏ ਜਾਂਦੇ ਹਨ-ਜਿਵੇਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ/ਨਮਸਤੇ ਬੁਲਾਉਣਾ, ਉਬਾਸੀ ਲੈਣ ਲੱਗਿਆਂ ਮੂੰਹ ਅੱਗੇ ਹੱਥ ਕਰਨਾ ਆਦਿ ਇਹਨਾਂ ਨਿਯਮਾਂ ਦੀ ਪਾਲਣਾ ਲੋਕਾਚਾਰ ਲਈ ਕੀਤੀ ਜਾਂਦੀ ਹੈ। ਸਮਾਜ ਵਿਚ ਕੁਝ ਨਿਯਮ ਪ੍ਰੋਖ ਹੁੰਦੇ ਹਨ ਜਿਨ੍ਹਾਂ ਨੂੰ ਬੰਦਾ ਖ਼ੁਦ ਅਚੇਤ ਹੀ ਗ੍ਰਹਿਣ ਕਰ ਲੈਂਦਾ ਹੈ। ਜਿਵੇਂ ਨਫ਼ਰਤ ਦਾ ਇਜ਼ਹਾਰ ਕਰਨ ਸਮੇਂ ਬੁੱਲ੍ਹ ਟੇਰਨੇ, ਖ਼ੁਸ਼ੀ ਜ਼ਾਹਰ ਕਰਨ ਲੱਗਿਆਂ ਮੁਸਕਰਾਉਣਾ ਆਦਿ। ਇਨ੍ਹਾਂ ਨਿਯਮਾਂ ਦੀ ਪਾਲਣਾ ਸਦਾਚਾਰ ਜਾਂ ਕਦਰਾਂ-ਕੀਮਤਾਂ ਦੇ ਰੂਪ ਵਿਚ ਕੀਤੀ ਜਾਂਦੀ ਹੈ।

ਪ੍ਰਤੀਮਾਨਕ ਸਭਿਆਚਾਰ ਦੇ ਕੁਝ ਨਿਯਮਾਂ ਦੀ ਉਲੰਘਣਾ ਤਾਂ ਸਮਾਜ ਅੱਖੋਂ ਉਹਲੇ ਕਰ ਦਿੰਦਾ ਹੈ ਪ੍ਰੰਤੂ ਕੁਝ ਅਜਿਹੇ ਸਦਾਚਾਰਿਕ ਨਿਯਮ ਹਨ ਜਿਨ੍ਹਾਂ ਦੀ ਉਲੰਘਣਾ ਸਮਾਜ ਦੇ ਆਧਾਰ ਨੂੰ ਸੱਟ ਮਾਰਦੀ ਹੈ। ਇਸ ਲਈ ਇਹ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਇਹ, ਉਹ ਨਿਯਮ ਹੁੰਦੇ ਹਨ ਜਿਨ੍ਹਾਂ ਦੀ ਉਲੰਘਣਾ ਬਾਰੇ ਕੋਈ ਬੰਦਾ ਕਿਆਸ ਵੀ ਨਹੀਂ ਕਰ ਸਕਦਾ । ਇਨ੍ਹਾਂ ਨਿਯਮਾਂ ਨੂੰ ਕਿਸੇ ਵੀ ਸਭਿਅਕ ਸਮਾਜ ਦੇ 'ਟੈਬੂ' ਜਾਂ 'ਤਾਬੂ' ਕਿਹਾ ਜਾਂਦਾ ਹੈ। ਇਹ ਲਗਭਗ ਸਾਰੇ ਸਮਾਜਾਂ ਦੇ ਸਾਂਝੇ ਹੁੰਦੇ ਹਨ। ਜਿਵੇਂ ਪਤੀ-ਪਤਨੀ ਤੋਂ ਇਲਾਵਾ ਮੂਲ ਪਰਿਵਾਰ ਵਿਚ ਹੋਰ ਮੈਂਬਰਾਂ ਦਾ ਆਪਸ ਵਿਚ ਜਿਨਸੀ ਸਬੰਧ ਰੱਖਣਾ, ਬੰਦੇ ਵੱਲੋਂ ਬੰਦੇ ਦਾ ਮਾਸ ਖਾਣਾ ਆਦਿ। ਚੌਥੀ ਕਿਸਮ ਦੇ ਨਿਯਮਾਂ ਵਿਚ ਕਾਨੂੰਨ ਆ ਜਾਂਦੇ ਹਨ ਜਿਨ੍ਹਾਂ ਦਾ ਨਿਰਮਾਣ ਅਤੇ ਪਾਲਣਾ ਦਾ ਕਾਰਜ ਨਿਸ਼ਚਿਤ ਸੰਸਥਾਵਾਂ ਵੱਲੋਂ ਕੀਤਾ ਜਾਂਦਾ ਹੈ। ਇਨ੍ਹਾਂ ਦੀ ਉਲੰਘਣਾ ਕਰਨ ਵਾਲ਼ੇ ਬੰਦੇ ਨੂੰ ਕਾਨੂੰਨ ਅਨੁਸਾਰ ਸਜ਼ਾ ਵੀ ਦਿੱਤੀ ਜਾਂਦੀ ਹੈ ਤਾਂ ਕਿ ਭਵਿਖ ਵਿਚ ਇਨ੍ਹਾਂ ਦੀ ਉਲੰਘਣਾ ਦੁਬਾਰਾ ਕੋਈ ਬੰਦਾ ਨਾ ਕਰੇ।

## ਬੋਧਾਤਮਕ ਸਭਿਆਚਾਰ

ਬੋਧਾਤਮਕ ਸਭਿਆਚਾਰ ਦੇ ਅੰਤਰਗਤ ਗਿਆਨ, ਵਿਚਾਰ, ਵਤੀਰੇ, ਵਿਸ਼ਵਾਸ, ਮਨੌਤਾਂ, ਸਾਹਿਤ, ਕਲਾ, ਧਰਮ, ਮਿਥਿਹਾਸ, ਅਨੁਸ਼ਠਾਨ ਅਤੇ ਫ਼ਲਸਫ਼ਾ ਆਦਿ ਆ ਜਾਂਦੇ ਹਨ। ਸਭਿਆਚਾਰ ਦਾ ਇਹ ਪੱਖ ਹੀ ਮਨੁੱਖ ਨੂੰ ਭੂਤ, ਵਰਤਮਾਨ ਅਤੇ ਭਵਿੱਖ ਪ੍ਰਤੀ ਸੋਚਣ ਦੇ ਸਮਰੱਥ ਬਣਾਉਂਦਾ ਹੈ। ਬੇਸ਼ੱਕ ਪਦਾਰਥਕ ਸਭਿਆਚਾਰ ਵਾਂਗ ਬੋਧਾਤਮਕ ਸਭਿਆਚਾਰ ਦੇ ਨਿੱਕੇ ਤੋਂ ਨਿੱਕੇ ਭਾਵਪੂਰਨ ਅੰਸ਼ਾਂ ਦੀ ਸੂਚੀ ਬਣਾਉਣਾ ਲਗਭਗ ਅਸੰਭਵ ਹੈ ਫਿਰ ਵੀ ਖ਼ਾਸ ਸਮੇਂ ਕਿਸੇ ਸਮਾਜ ਵਿਚ ਮਿਲਦੇ ਪ੍ਰਧਾਨ ਬੋਧਾਤਮਕ ਅੰਸ਼ਾਂ ਨੂੰ, ਆਦਰਸ਼ਾਂ ਅਤੇ ਕਦਰਾਂ-ਕੀਮਤਾਂ ਦੇ ਰੂਪ ਵਿਚ ਨਿਸ਼ਚਿਤ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਸਭਿਆਚਾਰ ਦੇ ਇਹ ਤਿੰਨੇ ਅੰਗ ਆਪਸ ਵਿਚ ਅੰਤਰ-ਸਬੰਧਿਤ ਹੀ ਨਹੀਂ ਸਗੋਂ ਅੰਤਰ-ਨਿਰਧਾਰਤ ਵੀ ਹਨ। ਇਕ ਅੰਗ ਵਿਚ ਆਈ ਤਬਦੀਲੀ ਦੂਸਰੇ ਅੰਗਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਮਸਲਨ ਪਦਾਰਥਕ ਸਭਿਆਚਾਰ ਵਿਚ ਆਈ ਤਬਦੀਲੀ ਪ੍ਰਤੀਮਾਨਕ ਅਤੇ ਬੋਧਾਤਮਕ ਸਭਿਆਚਾਰ 'ਤੇ ਵੀ ਆਪਣਾ ਪ੍ਰਭਾਵ ਪਾਉਂਦੀ ਹੈ।ਇਸੇ ਤਰ੍ਹਾਂ ਦੀ ਪ੍ਰਕਿਰਿਆ ਦੂਸਰੇ ਅੰਗਾਂ ਦੇ ਅੰਤਰ-ਸੰਬੰਧਾਂ ਵਿਚ ਕਾਰਜ਼ਸ਼ੀਲ ਦੇਖੀ ਜਾ ਸਕਦੀ ਹੈ। ਪਰ ਇਹ ਤਬਦੀਲੀ ਸਭਿਆਚਾਰ ਦੇ ਸਾਰੇ ਅੰਗਾਂ ਵਿਚ ਇਕਸਾਰ ਅਤੇ ਇੱਕੋ ਸਮੇਂ ਨਹੀਂ ਵਾਪਰਦੀ। ਆਮ ਤੌਰ 'ਤੇ ਇਹ ਤਬਦੀਲੀ ਪਹਿਲਾਂ ਅਤੇ ਤੇਜ਼ ਗਤੀ ਨਾਲ ਪਾਦਰਥਕ ਸਭਿਆਚਾਰ ਵਿਚ ਵਾਪਰਦੀ ਹੈ ਤੇ ਬਾਕੀ ਅੰਗਾਂ ਵਿਚ ਇਹ ਤਬਦੀਲੀ ਬਾਅਦ ਵਿਚ ਅਤੇ ਧੀਮੀ ਗਤੀ ਨਾਲ ਵਾਪਰਦੀ ਹੈ। ਇਸ ਤਰ੍ਹਾਂ ਇਕ ਅੰਗ ਵਿਚ ਆਈ ਤਬਦੀਲੀ ਉਸ ਸਭਿਆਚਾਰ ਦੇ ਸਮੁੱਚੇ ਸਿਸਟਮ ਨੂੰ ਪ੍ਰਭਾਵਿਤ ਕਰਦੀ ਹੈ।

## ਸਭਿਆਚਾਰ ਦੇ ਲੱਛਣ

ਸਭਿਆਚਾਰ ਦੀ ਪਰਿਭਾਸ਼ਾ ਅਤੇ ਪ੍ਰਕਿਰਤੀ ਨਿਸ਼ਚਿਤ ਕਰਨ ਤੋਂ ਬਾਅਦ ਸਭਿਆਚਾਰ ਦੇ ਲੱਛਣਾਂ ਨੂੰ ਨਿਸ਼ਚਿਤ ਕਰਨਾ ਬਣਦਾ ਹੈ। ਸਭਿਆਚਾਰ ਪ੍ਰਬੰਧਾਂ ਦਾ ਪ੍ਰਬੰਧ ਹੈ, ਜਿਸ ਵਿਚ ਸਭਿਆਚਾਰਕ ਸੰਸਥਾਵਾਂ, ਪੈਟਰਨ, ਕੀਮਤਾਂ ਆਦਿ ਨਿਸ਼ਚਿਤ ਤੇ ਵਿਸ਼ੇਸ਼ ਖ਼ਾਸੇ ਅਨੁਸਾਰ ਸੰਗਠਿਤ ਹੋਏ ਹੁੰਦੇ ਹਨ। ਇਸ ਦੇ ਇਕ ਪ੍ਰਬੰਧ ਹੋਣ ਤੋਂ ਭਾਵ ਹੈ ਕਿ "ਇਸਦੀ ਆਪਣੀ ਇਕ ਨਿਸ਼ਚਿਤ ਹੋਂਦ ਤੇ ਨਿਯਮ ਹਨ ਜਿਹੜੇ ਇਸ ਦੀ ਹੋਂਦ ਵਿਧੀ ਅਤੇ ਵਿਕਾਸ ਪ੍ਰਕਿਰਿਆ ਦਾ ਇਕ ਵਿਧੀਬੱਧ ਸਰੂਪ ਸਿਰਜਦੇ ਹਨ। ਸਭਿਆਚਾਰ ਦੇ ਕਿਸੇ ਵੀ ਇਕ ਅੰਗ, ਰੂਪ ਜਾਂ ਪੱਖ ਵਿਚ ਆਇਆ ਪਰਿਵਰਤਨ ਸਮੁੱਚੇ ਸਭਿਆਚਾਰਕ ਪ੍ਰਬੰਧ ਵਿਚ ਵਿਸ਼ੇਸ਼ ਪ੍ਰਕਾਰ ਦਾ ਪਰਿਵਰਤਨ ਲਿਆਉਂਦਾ ਹੈ।"[7] ਇਸ ਸਮੁੱਚੇ ਅਮਲ ਵਿੱਚੋਂ ਹੀ ਮਨੁੱਖੀ ਸੰਭਾਵਨਾਵਾਂ ਉਜਾਗਰ

ਹੁੰਦੀਆਂ ਹਨ। ਸਭਿਆਚਾਰ ਪਰਿਵਰਤਨਸ਼ੀਲ ਹੈ। ਪਰਿਵਰਤਨ ਦੀ ਪ੍ਰਕਿਰਤੀ ਹੋਣ ਕਾਰਨ ਸਭਿਆਚਾਰ ਵਿਚ ਹਮੇਸ਼ਾ ਪਰਿਵਰਤਨ ਵਾਪਰਦੇ ਰਹਿੰਦੇ ਹਨ। ਮਨੁੱਖੀ ਸੋਚਾਂ ਅਤੇ ਕਾਰ-ਵਿਹਾਰ ਦੇ ਨਾਲ-ਨਾਲ ਮਨੁੱਖੀ ਲੋੜਾਂ ਸਮੇਂ-ਸਮੇਂ 'ਤੇ ਬਦਲਦੀਆਂ ਰਹਿੰਦੀਆਂ ਹਨ, ਮਨੁੱਖ ਇਹਨਾਂ ਲੋੜਾਂ ਦੀ ਪੂਰਤੀ ਹਿੱਤ ਕੁਝ ਨਾ ਕੁਝ ਨਵਾਂ ਸਿਰਜਦਾ ਰਹਿੰਦਾ ਹੈ, ਜਿਸ ਤਹਿਤ ਸਭਿਆਚਾਰ ਵਿਚ ਪਰਿਵਰਤਨ ਵਾਪਰਦਾ ਰਹਿੰਦਾ ਹੈ। ਸਭਿਆਚਾਰ ਮਨੁੱਖੀ ਸਮਾਜ ਦਾ ਸਰਵ-ਵਿਆਪਕ ਵਰਤਾਰਾ ਹੈ, ਜਿੱਥੇ ਮਨੁੱਖੀ ਸਮਾਜ ਦੀ ਹੋਂਦ ਹੋਵੇਗੀ, ਉੱਥੇ ਸਭਿਆਚਾਰ ਵੀ ਨਿਸ਼ਚਿਤ ਤੌਰ 'ਤੇ ਹੋਵੇਗਾ। ਸਭਿਆਚਾਰ ਮਨੁੱਖ ਦੇ ਬਾਹਰੀ ਸੰਸਾਰ ਤਕ ਹੀ ਮਹਿਦੂਦ ਨਹੀਂ ਹੁੰਦਾ ਸਗੋਂ ਇਹ ਤਾਂ ਮਨੁੱਖ ਦੇ ਅੰਦਰਲੇ ਸੰਸਾਰ ਨੂੰ ਵੀ ਆਪਣੇ ਕਲੇਵਰ ਵਿਚ ਲੈ ਲੈਂਦਾ ਹੈ। ਇਸ ਲਈ ਜੋ ਕੁਝ ਅਸੀਂ ਸੋਚਦੇ ਹਾਂ, ਕਰਦੇ ਹਾਂ ਜਾਂ ਨਹੀਂ ਵੀ ਕਰਦੇ ਸਿਰਫ਼ ਸੋਚਦੇ ਹਾਂ ਉਹ ਸਭਿਆਚਾਰ ਵਿਚ ਸ਼ਾਮਿਲ ਹੈ। ਇਸ ਤਰ੍ਹਾਂ ਸਭਿਆਚਾਰ ਵਿਚ ਨਿਸ਼ਚਿਤ ਠੋਸ ਪਦਾਰਥਾਂ ਅਤੇ ਸਮਾਜਿਕ ਵਰਤਾਰਿਆਂ ਤੋਂ ਲੈ ਕੇ ਨਿਰੋਲ ਭਾਵਵਾਚਕ ਸੰਕਲਪਾਂ ਤਕ ਕਾਫ਼ੀ ਕੁਝ ਆ ਜਾਂਦਾ ਹੈ। "ਸਭਿਆਚਾਰ ਸਰਬ-ਵਿਆਪਕ ਹੋਣ ਦੇ ਬਾਵਜੂਦ, ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਹੋਂਦ ਅਤੇ ਪਛਾਣ ਹੁੰਦੀ ਹੈ। ਸਮਾਂ ਬੀਤਣ ਨਾਲ ਇਹ ਫ਼ਰਕ ਵੀ ਵਧਦੇ ਜਾਂਦੇ ਹਨ। ਭੂਗੋਲਿਕ ਕਾਰਨਾਂ ਦੇ ਨਾਲ-ਨਾਲ ਇਤਿਹਾਸਕ ਕਾਰਨ ਤੇ ਮਗਰੋਂ ਕਈ ਹੋਰ ਕਾਰਨ ਵੀ ਮਿਲਦੇ ਜਾਂਦੇ ਹਨ।"[8] ਇਸ ਤਰ੍ਹਾਂ ਸਭਿਆਚਾਰ ਵਿਚ ਪਦਾਰਥਕ ਤੇ ਭਾਵਨਾਤਮਕ ਵਰਤਾਰੇ ਸ਼ਾਮਿਲ ਹੁੰਦੇ ਹਨ।

ਸਭਿਆਚਾਰ ਮਨੁੱਖ ਦਾ ਜੀਵ-ਵਿਗਿਆਨਕ ਵਿਰਸਾ ਨਹੀਂ ਸਗੋਂ ਸਮਾਜਿਕ ਵਿਰਸਾ ਹੈ। ਸਮਾਜ ਅਤੇ ਸਮੂਹ ਤੋਂ ਬਿਨ੍ਹਾਂ ਸਭਿਆਚਾਰ ਦੀ ਹੋਂਦ ਸੰਭਵ ਨਹੀਂ। ਇਸ ਲਈ ਜਿੱਥੇ ਸਮਾਜ ਹੋਵੇਗਾ ਉੱਥੇ ਸਭਿਆਚਾਰ ਵੀ ਹੋਵੇਗਾ। ਮਨੁੱਖ ਦੂਸਰੇ ਜੀਵਾਂ ਤੋਂ ਉਲਟ ਆਪਣੀਆਂ ਲੋੜਾਂ ਦੀ ਪੂਰਤੀ ਹਿੱਤ ਸਭਿਆਚਾਰ ਗ੍ਰਹਿਣ ਕਰਨ ਦੀਆਂ ਸੰਭਾਵਨਾਵਾਂ ਅਤੇ ਸਮਰੱਥਾਵਾਂ ਲੈ ਕੇ ਪੈਦਾ ਹੁੰਦਾ ਹੈ। ਇਨ੍ਹਾਂ ਸਮਰੱਥਾਵਾਂ ਅਤੇ ਸੰਭਾਵਨਾਵਾਂ ਤਹਿਤ ਹੀ ਮਨੁੱਖ ਆਪਣੇ ਸਭਿਆਚਾਰ ਨੂੰ ਸਿਖਦਾ ਅਤੇ ਗ੍ਰਹਿਣ ਕਰਦਾ ਹੈ। ਨਵੀਂ ਪੀੜ੍ਹੀ ਸਭਿਆਚਾਰ ਨੂੰ ਬਦਲਦੀਆਂ ਸਥਿਤੀਆਂ/ਪਰਸਥਿਤੀਆਂ, ਲੋੜਾਂ ਦੇ ਅਨੁਸਾਰ ਆਪਣੀ ਪੁਰਾਣੀ ਪੀੜ੍ਹੀ ਤੋਂ ਗ੍ਰਹਿਣ ਕਰਦੀ ਹੈ ਅਤੇ ਕੁਝ ਪਰਿਵਰਤਨਾਂ ਸਹਿਤ ਅਗਲੀ ਪੀੜ੍ਹੀ ਨੂੰ ਸੌਂਪ ਦਿੰਦੀ ਹੈ। ਇਹ ਪ੍ਰਕਿਰਿਆ ਨਿਰੰਤਰ ਪੀੜ੍ਹੀ ਦਰ ਪੀੜ੍ਹੀ ਚੱਲਦੀ ਰਹਿੰਦੀ ਹੈ। ਸਭਿਆਚਾਰ ਵਿਚ ਸੰਚਿਤ ਹੋਣ ਦਾ ਲੱਛਣ ਹੁੰਦਾ ਹੈ। ਇਸ ਗੁਣ ਕਾਰਨ ਹੀ ਸਭਿਆਚਾਰ ਆਪਣੀ ਹਰ ਕਿਰਤ ਸੰਭਾਲ ਕੇ ਰੱਖਦਾ ਹੈ, ਕੁਝ ਵੀ ਵਿਸਾਰਦਾ ਨਹੀਂ। ਪਦਾਰਥਕ ਸਭਿਆਚਾਰ ਲਈ ਇਹ ਕਥਨ ਵਧੇਰੇ ਢੁੱਕਵਾਂ ਸਾਬਿਤ ਹੁੰਦਾ ਹੈ। ਜਿਸ ਅਧੀਨ ਨਵੀਆਂ ਕਾਢਾਂ

ਪਿਛਲੀਆਂ ਪ੍ਰਾਪਤੀਆਂ ਨੂੰ ਵੀ ਨਾਲ ਰੱਖ ਕੇ ਵਿਕਾਸ ਕਰਦੀਆਂ ਹਨ। ਪਰ ਗ਼ੈਰ-ਪਦਾਰਥਕ ਖੇਤਰ ਵਿਚ ਨਵੇਂ ਅੰਸ਼ ਪੁਰਾਣਿਆਂ ਦੀ ਜਗ੍ਹਾ ਲੈ ਲੈਂਦੇ ਹਨ ਅਤੇ ਸਮਾਂ ਬੀਤਣ ਨਾਲ ਸਭਿਆਚਾਰਕ ਵਿਕਾਸ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ।

ਸਭਿਆਚਾਰ ਜੀਵਨ ਅਤੇ ਵਿਸ਼ਵ-ਦ੍ਰਿਸ਼ਟੀਕੋਣ ਦਾ ਸਿਰਜਕ ਹੈ। ਸਭਿਆਚਾਰ ਉਹ ਕੀਮਤ-ਪ੍ਰਬੰਧ ਹੈ ਜਿਸ ਦੁਆਰਾ ਸਾਡੀ ਜ਼ਿੰਦਗੀ ਦੇ ਪ੍ਰਤੀਮਾਨ ਨਿਸ਼ਚਿਤ ਕੀਤੇ ਜਾਂਦੇ ਹਨ। ਇਹਨਾਂ ਪ੍ਰਤੀਮਾਨਾਂ ਅਨੁਸਾਰ ਹੀ ਕਿਸੇ ਸਮਾਜ ਦੇ ਵਿਅਕਤੀ ਦੀ ਸ਼ਖ਼ਸੀਅਤ ਉਸਰਦੀ ਹੈ। ਸਭਿਆਚਾਰ ਦੇ ਤਕਾਜ਼ੇ ਸਾਡੇ ਜੀਵਨ ਅਤੇ ਵਿਸ਼ਵ-ਦ੍ਰਿਸ਼ਟੀਕੋਣ ਨੂੰ ਉਸਾਰੂ ਸੇਧ ਦਿੰਦੇ ਅਤੇ ਇਕ ਵਿਸ਼ੇਸ਼ ਜੀਵਨ-ਜਾਚ ਮੁਹੱਈਆ ਕਰਦੇ ਹਨ, ਜਿਸ ਤਹਿਤ ਸਾਡੇ ਵਿਚ ਕੁਝ ਨਵਾਂ ਸਿਰਜਨ ਦੀ ਸਮਰੱਥਾ ਆਉਂਦੀ ਹੈ। "ਮਨੁੱਖ ਦੀਆਂ ਸਾਰੀਆਂ ਵਿਅਕਤੀਗਤ ਅਤੇ ਸਮਾਜਿਕ ਸਭਿਆਚਾਰਕ ਸਿਰਜਣਾਵਾਂ, ਦਰਸ਼ਨ, ਧਰਮ, ਕਲਾ ਅਤੇ ਵਿਗਿਆਨ ਵੀ ਇਸ ਦ੍ਰਿਸ਼ਟੀਕੋਣ ਅਨੁਰੂਪ ਮਨੁੱਖੀ ਪ੍ਰਤਿਭਾ ਉੱਤੇ ਆਧਾਰਿਤ ਹਨ, ਭਾਵੇਂ ਇਸ ਜੀਵਨ ਅਤੇ ਵਿਸ਼ਵ-ਦ੍ਰਿਸ਼ਟੀਕੋਣ ਵਿਚ ਵਿਸ਼ੇਸ਼ ਭੂਮੀਖੰਡ ਦੇ ਸਮਾਜ ਦੀਆਂ ਸਥਾਨਕ ਵੱਖਰਤਾਵਾਂ ਅਤੇ ਵਿਸ਼ੇਸ਼ਤਾਵਾਂ ਵਿਦਮਾਨ ਹੁੰਦੀਆਂ ਹਨ। ਅਰਥਾਤ ਹਰੇਕ ਸਭਿਆਚਾਰ ਦੇ ਵਿਲੱਖਣ ਸਰੂਪ ਅਨੁਕੂਲ ਉਸ ਖਿੱਤੇ ਦੇ ਮਾਨਵੀ-ਸਮੂਹ ਦਾ ਜੀਵਨ-ਵਿਵਹਾਰ, ਇਤਿਹਾਸਕ ਅਨੁਭਵ ਅਤੇ ਸਥੂਲ ਸਮਾਜਿਕ, ਭੂਗੋਲਿਕ, ਪਦਾਰਥਕ ਪਰਸਥਿਤੀਆਂ ਵਿੱਚੋਂ ਸਮੂਹਿਕ ਰੂਪ ਵਿਚ ਸਿਰਜਿਤ, ਪ੍ਰਮਾਣਿਤ, ਪ੍ਰਚਲਿਤ ਜੀਵਨ ਅਤੇ ਵਿਸ਼ਵ-ਦ੍ਰਿਸ਼ਟੀ ਕੋਣ ਹੁੰਦਾ ਹੈ।"[9] ਇਸ ਤਰ੍ਹਾਂ ਸਭਿਆਚਾਰ ਜੀਵਨ ਅਤੇ ਵਿਸ਼ਵ-ਦ੍ਰਿਸ਼ਟੀਕੋਣ ਦਾ ਸਿਰਜਕ ਹੁੰਦਾ ਹੈ।

## ਉਪ-ਸਭਿਆਚਾਰ

ਕੋਈ ਵੀ ਉਪ-ਸਭਿਆਚਾਰ, ਮੁੱਖ ਸਭਿਆਚਾਰ ਦਾ ਹੀ ਭਾਗ ਹੁੰਦਾ ਹੈ। ਜਿੱਥੇ ਸਭਿਆਚਾਰ ਦਾ ਸਬੰਧ ਕਿਸੇ ਵਿਸ਼ੇਸ਼ ਸਮਾਜ ਦੇ ਵਿਸ਼ਾਲ ਮਨੁੱਖੀ-ਸਮੂਹ ਨਾਲ ਹੁੰਦਾ ਹੈ, ਉੱਥੇ ਉਪ-ਸਭਿਆਚਾਰ ਦਾ ਸਬੰਧ ਇਸੇ ਜਨ ਸਮੂਹ ਦੇ ਵਿਕਾਸ ਪੱਧਰ ਵਿਚ ਆਏ, ਵੱਖ-ਵੱਖ ਪੜਾਵਾਂ ਦੇ ਆਧਾਰ 'ਤੇ ਉਪ-ਸਮੂਹਾਂ ਨਾਲ ਹੁੰਦਾ ਹੈ। ਸਭਿਆਚਾਰ ਅਤੇ ਉਪ ਸਭਿਆਚਾਰ ਨੂੰ ਇਕ ਦੂਜੇ ਤੋਂ ਨਿਖੇੜ ਕੇ ਨਹੀਂ ਸਗੋਂ ਇਕ ਦੂਜੇ ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ। "ਹਰ ਕੌਮ ਦਾ ਇਕ ਕੇਂਦਰੀ ਸਭਿਆਚਾਰ ਹੁੰਦਾ ਹੈ ਅਤੇ ਉਸ ਦੇ ਅੱਗੇ ਕਈ ਉਪ-ਸਭਿਆਚਾਰ ਹੁੰਦੇ ਹਨ। ਉਪ-ਸਭਿਆਚਾਰ ਵੱਖ-ਵੱਖ ਸਭਿਆਚਾਰਾਂ ਦੇ ਸੰਘਰਸ਼ਾਂ ਵਿੱਚੋਂ ਉਤਪੰਨ ਹੁੰਦੇ ਹਨ ਕਿਉਂਕਿ ਉਨ੍ਹਾਂ ਸਭਿਆਚਾਰਾਂ ਦਾ ਰਹਿਣ-ਸਹਿਣ ਅਰਥਾਤ ਜੀਵਨ-ਢੰਗ ਵੱਖੋ-ਵੱਖਰਾ ਹੁੰਦਾ ਹੈ। ਸਭਿਆਚਾਰ ਦੇ ਵੱਖ-ਵੱਖ ਤੱਤਾਂ ਦੀ ਵੱਖ-ਵੱਖ ਪ੍ਰਕਿਰਤੀ ਹੈ। ਇਹ ਤੱਤ

ਅੰਤਰ-ਨਿਰਭਰ, ਸਹਿ-ਸੰਬੰਧਤ, ਪਰਸਪਰ ਵਿਰੋਧੀ ਤੇ ਸਵੈ-ਵਿਰੋਧੀ ਵੀ ਹੋ ਸਕਦੇ ਹਨ। ਇਸ ਕਰ ਕੇ ਸਭਿਆਚਾਰ ਦੇ ਕਿਸੇ ਵੀ ਪੱਖ ਦਾ ਅਧਿਐਨ ਉਸ ਦੇ ਪਾਸਾਰਾਂ ਨੂੰ ਜਾਣਨ ਤੋਂ ਬਿਨ੍ਹਾਂ ਸੰਭਵ ਨਹੀਂ ਕਿਉਂਕਿ ਸਭਿਆਚਾਰ ਦੇ ਦੋ ਸਮਰੂਪ ਤੇ ਸਮਾਨਾਰਥਕ ਤੱਤ ਵੀ ਵੱਖਰੇ-ਵੱਖਰੇ ਪ੍ਰਭਾਵ ਦੇ ਸਕਦੇ ਹਨ ਜਾਂ ਫਿਰ ਇਕ ਤੱਤ ਦੋ ਪ੍ਰਭਾਵ ਵੀ ਦੇ ਸਕਦਾ ਹੈ। ਸਭਿਆਚਾਰ ਦੇ ਅਜੋਕੇ ਰੂਪ ਵਿੱਚੋਂ ਕਈ ਸਹਿ-ਰੂਪ ਉਤਪੰਨ ਹੋ ਚੁੱਕੇ ਹਨ ਜਿਨ੍ਹਾਂ ਨੂੰ ਅਸੀਂ ਉਪ-ਸਭਿਆਚਾਰ ਆਖ ਸਕਦੇ ਹਾਂ।"[10] ਭਾਵੇਂ ਹਰ ਸਭਿਆਚਾਰ ਦੀਆਂ ਦੂਸਰੇ ਸਭਿਆਚਾਰਾਂ ਨਾਲ ਬੁਨਿਆਦੀ ਸਾਂਝਾਂ ਹੁੰਦੀਆਂ ਹਨ ਪਰੰਤੂ ਹਰ ਸਭਿਆਚਾਰਕ ਖਿੱਤੇ ਦੀਆਂ ਆਪਣੀਆਂ ਨਿਵੇਕਲੀਆਂ ਕੁਝ ਵਿਸ਼ੇਸ਼ਤਾਵਾਂ ਜ਼ਰੂਰ ਹੁੰਦੀਆਂ ਹਨ ਜਿਨ੍ਹਾਂ ਦੇ ਆਧਾਰ 'ਤੇ ਉਸ ਖਿੱਤੇ ਦੇ ਸਭਿਆਚਾਰ ਨੂੰ ਦੂਜੇ ਸਭਿਆਚਾਰਾਂ ਤੋਂ ਨਿਖੇੜਿਆ ਜਾ ਸਕਦਾ ਹੈ। ਜੇ ਭਾਰਤੀ ਸਭਿਆਚਾਰ ਦੇ ਸੰਦਰਭ ਵਿਚ ਵੇਖਿਆ ਜਾਵੇ ਤਾਂ ਪੰਜਾਬੀ, ਬੰਗਾਲੀ, ਰਾਜਸਥਾਨੀ, ਗੁਜਰਾਤੀ ਆਦਿ ਉਪ-ਸਭਿਆਚਾਰਾਂ ਦਾ ਮੂਲ ਭਾਰਤੀ ਸਭਿਆਚਾਰ ਹੈ। ਜੇ ਪੰਜਾਬੀ ਸਭਿਆਚਾਰ ਦੇ ਪ੍ਰਸੰਗ ਵਿਚ ਵੇਖਣਾ ਹੋਵੇ ਤਾਂ ਮਲਵਈ, ਮਾਝੀ, ਦੁਆਬੀ, ਪੁਆਧੀ ਆਦਿ ਉਪ-ਸਭਿਆਚਾਰਾਂ ਦਾ ਮੂਲ ਪੰਜਾਬੀ ਸਭਿਆਚਾਰ ਹੈ। ਡਾ. ਗੁਰਬਖ਼ਸ਼ ਸਿੰਘ ਫਰੈਂਕ ਅਨੁਸਾਰ "ਕੋਈ ਵੀ ਮਨੁੱਖੀ ਜਨ-ਸਮੂਹ ਜਾਂ ਸਮਾਜ ਇਕਸਾਰ ਬਣਤਰ ਵਾਲਾ ਨਹੀਂ ਹੁੰਦਾ, ਭਾਵੇਂ ਉਹ ਵਿਕਾਸ ਦੇ ਮੁੱਢਲੇ ਪੜਾਅ ਉੱਤੇ ਹੀ ਕਿਉਂ ਨਾ ਹੋਵੇ, ਉਸ ਵਿਚ ਕਿੱਤੇ, ਰੁਤਬੇ, ਜਮਾਤ, ਧਰਮ, ਇਲਾਕੇ, ਵਿੱਦਿਆ, ਭਾਸ਼ਾਈ ਫ਼ਰਕਾਂ ਆਦਿ ਦੇ ਆਧਾਰ ਉੱਤੇ ਅੱਗੋਂ ਉਪ-ਸਮੂਹ ਬਣੇ ਹੁੰਦੇ ਹਨ। ਇਹ ਉਪ-ਸਮੂਹ ਆਪਣੇ ਵੱਡੇ ਜਨ-ਸਮੂਹ ਨਾਲ ਜਾਂ ਸਮਾਜ ਨਾਲ ਵਧੇਰੇ ਸਾਂਝ ਰੱਖਦੇ ਹੋਏ ਵੀ ਕੁਝ ਵਿਲੱਖਣ ਤੱਤ ਰੱਖਦੇ ਹਨ। ਇਸ ਲਈ ਇਹਨਾਂ ਨੂੰ ਉਪ-ਸਭਿਆਚਾਰ ਕਿਹਾ ਜਾਂਦਾ ਹੈ। ਸਾਰੇ ਉਪ-ਸਭਿਆਚਾਰਾਂ ਦੇ ਸਾਂਝੇ ਤੱਤ ਮਿਲ ਕੇ ਮੂਲ ਸਭਿਆਚਾਰ ਦਾ ਕੇਂਦਰ ਬਣਦੇ ਹਨ।"[11] ਇਉਂ ਉਪ-ਸਭਿਆਚਾਰ ਵੱਖ-ਵੱਖ ਜਾਤਾਂ, ਕਿੱਤਿਆਂ,ਧਰਮਾਂ, ਵਿਸ਼ੇਸ਼ ਭੂਗੋਲਿਕ ਖਿੱਤਿਆਂ ਅਤੇ ਉਪ-ਭਾਸ਼ਾਈ ਮੁਹਾਵਰੇ ਆਦਿ ਨਾਲ ਸਬੰਧ ਰੱਖਣ ਵਾਲੇ ਵਰਗਾਂ ਦੁਆਰਾ ਵਿਸ਼ੇਸ਼ ਹਾਲਤਾਂ ਦੇ ਆਧਾਰ 'ਤੇ ਅਪਣਾਈ ਜੀਵਨ-ਜਾਚ ਹੀ ਉਪ-ਸਭਿਆਚਾਰ ਅਖਵਾਉਂਦੀ ਹੈ।

ਉਪਰੋਕਤ ਚਰਚਾ ਇਹ ਸਪੱਸ਼ਟ ਕਰਦੀ ਹੈ ਕਿ ਉਪ-ਸਭਿਆਚਾਰ ਵਿਚਲੇ ਸਾਰੇ ਤੱਤ ਮਿਲ ਕੇ ਹੀ ਮੂਲ ਸਭਿਆਚਾਰ ਦੀ ਸਿਰਜਨਾ ਕਰਦੇ ਹਨ। ਵਿਸ਼ੇਸ਼ ਹਾਲਤਾਂ ਵਿਚ ਇਹ ਵੀ ਵਾਪਰ ਜਾਂਦਾ ਹੈ ਕਿ ਕੋਈ ਉਪ-ਸਭਿਆਚਾਰ ਕਿਸੇ ਮੂਲ ਸਭਿਆਚਾਰ 'ਤੇ ਭਾਰੂ ਵੀ ਹੋ ਜਾਂਦਾ ਹੈ ਅਤੇ ਆਪਣੀ ਪਛਾਣ ਮੂਲ ਸਭਿਆਚਾਰ ਵਜੋਂ ਬਣਾ ਲੈਂਦਾ ਹੈ। ਪਰ ਅਜਿਹਾ ਬਹੁਤ ਘੱਟ ਵਾਪਰਦਾ ਹੈ। ਉਪ-ਸਭਿਆਚਾਰ, ਕਿਸੇ ਵੀ ਵਿਸ਼ੇਸ਼ ਭੂਗੋਲਿਕ ਖਿੱਤੇ ਦੇ ਸਭਿਆਚਾਰਕ ਵਿਰਸੇ ਨੂੰ ਅਮੀਰ ਬਣਾਉਣ

ਅਤੇ ਉਸ ਵਿਚ ਤਾਜ਼ਗੀ ਕਾਇਮ ਰੱਖਣ ਲਈ ਬਹੁਤ ਜ਼ਰੂਰੀ ਹੁੰਦੇ ਹਨ। ਇਉਂ ਉਪਰੋਕਤ ਪਰਿਪੇਖ ਵਿਚ ਸਭਿਆਚਾਰ ਅਤੇ ਉਪ-ਸਭਿਆਚਾਰ ਦੇ ਅੰਤਰ-ਸੰਬੰਧ ਨੂੰ ਸਮਝਿਆ ਜਾ ਸਕਦਾ ਹੈ ਅਤੇ ਇਨ੍ਹਾਂ ਦੀ ਸਾਰਥਿਕਤਾ ਨੂੰ ਨਿਰਧਾਰਿਤ ਕੀਤਾ ਜਾ ਸਕਦਾ ਹੈ।

**ਪੰਜਾਬੀ ਸਭਿਆਚਾਰ ਅਤੇ ਮਲਵਈ ਸਭਿਆਚਾਰ ਅੰਤਰ-ਸਬੰਧ**

ਪੰਜਾਬੀ ਸਭਿਆਚਾਰ ਨੂੰ ਭਾਰਤੀ ਸਭਿਆਚਾਰ ਦਾ ਸਿਰਜਣ ਸਰੋਤ ਹੋਣ ਦਾ ਮਾਣ ਦਿੱਤਾ ਜਾਂਦਾ ਹੈ। ਇਸੇ ਧਾਰਨਾ ਤਹਿਤ ਹੀ ਭਾਰਤੀ ਸਭਿਆਚਾਰ ਦੀ ਪ੍ਰਮੁੱਖ ਧਾਰਾ, ਪੰਜਾਬੀ ਸਭਿਆਚਾਰ ਦੀ ਧਾਰਾ ਵਿੱਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦੀ ਮੰਨੀ ਜਾਂਦੀ ਹੈ। ਸਭਿਆਚਾਰ ਦੇ ਚਿੰਤਕਾਂ ਦਾ ਵਿਚਾਰ ਹੈ ਕਿ ਭਾਰਤੀ ਸਭਿਆਚਾਰ ਪ੍ਰਮੁੱਖ ਰੂਪ ਵਿਚ 'ਆਰੀਆ' ਜਾਤੀ ਦੇ ਇਤਿਹਾਸਕ ਪਿਛੋਕੜ ਨਾਲ ਜੁੜਿਆ ਹੋਇਆ ਹੈ। ਭਾਰਤ ਵਿਚ ਆਰੀਆ ਜਾਤੀ ਦਾ ਪ੍ਰਵੇਸ਼ ਵੀ ਪੰਜਾਬ ਰਾਹੀਂ ਹੀ ਹੋਇਆ ਹੈ। ਵੈਦਿਕ ਸਭਿਆਚਾਰ ਦਾ ਮਹਾਨ ਗ੍ਰੰਥ ਅਤੇ ਭਾਰਤੀ ਸਭਿਆਚਾਰ ਦਾ ਮਹਾਨ ਸ੍ਰੋਤ 'ਰਿਗਵੇਦ' ਪੰਜਾਬ ਦੇ ਦਰਿਆਵਾਂ ਦੇ ਰਮਣੀਕ ਕੰਢਿਆਂ 'ਤੇ ਰਚਿਆ ਗਿਆ। ਇਸ ਤਰ੍ਹਾਂ ਵੈਦਿਕ ਸਭਿਆਚਾਰ ਦੀਆਂ ਜੜ੍ਹਾਂ ਸਭ ਤੋਂ ਪਹਿਲਾਂ ਪੰਜਬ ਦੀ ਧਰਤੀ ਉੱਤੇ ਲੱਗੀਆਂ ਅਤੇ ਫਿਰ ਇਨ੍ਹਾਂ ਦਾ ਪਾਸਾਰ ਭਾਰਤ ਦੇ ਹੋਰ ਇਲਾਕਿਆਂ ਵੱਲ ਹੋਇਆ। ਇਉਂ ਪੰਜਾਬੀ ਸਭਿਆਚਾਰ ਨੂੰ ਭਾਰਤੀ ਸਭਿਆਚਾਰ ਦੇ ਪਹਿਲੇ ਪੜਾਅ ਵਜੋਂ ਵੀ ਵੇਖਿਆ ਜਾ ਸਕਦਾ ਹੈ। "ਪੰਜਾਬ ਭਾਰਤ ਦਾ ਬਹੁ-ਨਸਲੀ, ਬਹੁ-ਧਰਮੀ, ਬਹੁ-ਜਾਤੀ ਅਤੇ ਬਹੁ-ਵਰਗੀ ਖਿੱਤਾ ਹੈ। ਇਹ ਅਤੇ ਇਨ੍ਹਾਂ ਵਰਗੇ ਹੋਰ ਵਖਰੇਵੇਂ ਪੰਜਾਬ ਦੀ ਧਰਤੀ ਨੂੰ ਵੱਖਰੇ-ਵੱਖਰੇ ਸਭਿਆਚਾਰਕ ਜਨ-ਸਮੂਹਾਂ ਵਾਲ਼ਾ ਪ੍ਰਦੇਸ ਬਣਾਉਂਦੇ ਹਨ। ਇਨ੍ਹਾਂ ਵਖਰੇਵਿਆਂ ਦਾ ਕਾਰਨ ਇਹੀ ਨਹੀਂ ਹੈ ਕਿ ਇਸ ਇਲਾਕੇ ਵਿਚ ਵੱਖ-ਵੱਖ ਇਤਿਹਾਸਕ ਸਮਿਆਂ ਦੌਰਾਨ ਵੱਖਰੇ-ਵੱਖਰੇ ਸਭਿਆਚਾਰਕ ਜਨ-ਸਮੂਹਾਂ ਦਾ ਪ੍ਰਵੇਸ਼ ਹੁੰਦਾ ਰਿਹਾ ਹੈ ਜੋ ਆਪਣੀ ਵਿਭਿੰਨ ਸਭਿਆਚਾਰਕ ਹੋਂਦ ਕਾਇਮ ਰੱਖਦੇ ਹੋਏ ਇਸੇ ਧਰਤੀ ਉੱਤੇ ਵਸਦੇ ਰਹੇ ਹਨ ਸਗੋਂ ਇਸ ਵਰਤਾਰੇ ਦਾ ਇਕ ਵੱਡਾ ਕਾਰਨ ਪੰਜਾਬ ਦੀ ਆਪਣੀ ਆਂਤਰਿਕ ਵਿਕਾਸ ਪ੍ਰਕਿਰਿਆ ਵਿਚ ਵੀ ਨਿਸ਼ਚਿਤ ਕੀਤਾ ਜਾ ਸਕਦਾ ਹੈ। ਪੈਦਾਵਾਰ ਦੀਆਂ ਸ਼ਕਤੀਆਂ ਦਾ ਵਿਕਾਸ ਜੋ ਕਿ ਹਰੇਕ ਜਨ-ਸਮੂਹ ਵਿਚ ਵਧ ਜਾਂ ਘਟ ਦਰ ਨਾਲ ਹੋਣਾ ਹੀ ਹੁੰਦਾ ਹੈ। ਪੁਰਾਣੇ ਪੈਦਾਵਾਰੀ ਰਿਸ਼ਤਿਆਂ ਅਤੇ ਉਨ੍ਹਾਂ ਦੇ ਆਧਾਰ 'ਤੇ ਉਸਰੇ ਸਭਿਆਚਾਰ ਵਿਚ ਅਨਿਵਾਰੀ ਤੌਰ 'ਤੇ ਤਬਦੀਲੀਆਂ ਕਰਦਾ ਰਹਿੰਦਾ ਹੈ। ਨਵੀਂ ਸਮਾਜਿਕ, ਆਰਥਿਕ ਵਿਵਸਥਾ ਨਵੇਂ ਸਭਿਆਚਾਰ ਨੂੰ ਜਨਮ ਦਿੰਦੀ ਹੈ।"[12] ਇਉਂ ਕਿਸੇ ਵਿਸ਼ੇਸ਼ ਖਿੱਤੇ ਦਾ ਜਨ-ਸਮੂਹ ਅੰਦਰਲੇ ਅਤੇ ਬਾਹਰਲੇ ਕਾਰਨਾਂ ਸਦਕਾ ਵੱਖ-ਵੱਖ

ਸਭਿਆਚਾਰਕ ਸਮੂਹਾਂ ਵਿਚ ਵੰਡਿਆ ਰਹਿੰਦਾ ਹੈ। ਇਸੇ ਸੰਦਰਭ ਵਿਚ ਹੀ ਪੰਜਾਬੀ ਸਭਿਆਚਾਰ ਨੂੰ ਵੇਖਿਆ ਜਾ ਸਕਦਾ ਹੈ।

ਪੰਜਾਬੀ ਸਭਿਆਚਾਰ ਦੀ ਇਸ ਵੇਲੇ ਦੀ ਭਾਰਤ ਵਿਚਲੀ ਇਕਾਈ ਅਤੇ ਇਸ ਦੇ ਭੂਗੋਲਿਕ ਚੌਖਟੇ ਦੇ ਮੱਦੇਨਜ਼ਰ ਇਸ ਨੂੰ ਸਮਝਿਆ ਜਾ ਸਕਦਾ ਹੈ। ਸਾਡੇ ਅਧਿਐਨ ਦਾ ਮਰਕਜ਼ ਬਣਿਆ ਸਭਿਆਚਾਰ ਉਨ੍ਹਾਂ ਲੋਕਾਂ ਦਾ ਸਭਿਆਚਾਰ ਹੈ ਜਿਹੜੇ ਅੱਜ ਦੇ ਭਾਰਤੀ ਪੰਜਾਬ ਦੀਆਂ ਭੂਗੋਲਿਕ ਹੱਦਾਂ ਵਿਚ ਰਹਿ ਰਹੇ ਹਨ। ਪੰਜਾਬੀ ਸਮਾਜ ਸਭਿਆਚਾਰ ਦੀਆਂ ਹੱਦਾਂ/ਸਰਹੱਦਾਂ/ਭੂਗੋਲਿਕ ਹਾਲਤਾਂ ਨੇ ਇਸ ਦੇ ਸਭਿਆਚਾਰ ਨੂੰ ਨਿਰਧਾਰਤ ਕਰਨ ਲਈ ਬੁਨਿਆਦੀ ਭੂਮਿਕਾ ਨਿਭਾਈ ਹੈ। ਪੰਜਾਬੀ ਲੋਕਾਂ ਦਾ ਰਹਿਣ-ਸਹਿਣ, ਚਰਿੱਤਰ, ਖਾਣ-ਪੀਣ, ਰਿਸ਼ਤਾ-ਨਾਤਾ ਪ੍ਰਬੰਧ, ਵਿਆਹ-ਪ੍ਰਣਾਲੀ, ਕਿੱਤਾ-ਪ੍ਰਣਾਲੀ ਆਦਿ ਸਭ ਕੁਝ ਇਸ ਦੇ ਭੂਗੋਲਿਕ ਇਤਿਹਾਸਕ ਕਾਰਨਾਂ ਨਾਲ ਜੁੜਿਆ ਹੋਇਆ ਹੈ।'ਪੰਜਾਬ' ਸਰਹੱਦੀ ਸੂਬਾ ਹੋਣ ਕਰ ਕੇ ਹੀ ਹਮੇਸ਼ਾ ਜੰਗਾਂ-ਯੁੱਧਾਂ ਦਾ ਅਖਾੜਾ ਬਣਿਆ ਰਿਹਾ ਹੈ। ਇਸ ਕਰ ਕੇ ਹੀ ਪੰਜਾਬ ਨੂੰ ਭਾਰਤ ਦੀ 'ਖੜਗ ਭੁਜਾ', ਭਾਰਤ ਦੀ 'ਪ੍ਰਵੇਸ਼ ਦੀਵਾਰ' ਆਦਿ ਦੀ ਸੰਗਿਆ ਦਿੱਤੀ ਜਾਂਦੀ ਹੈ। ਇਨ੍ਹਾਂ ਹਾਲਤਾਂ ਨੇ ਪੰਜਾਬੀਆਂ ਦੇ ਸੁਭਾਅ ਅਤੇ ਚਰਿੱਤਰ ਨੂੰ ਘੜ੍ਹਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬੀਆਂ ਦਾ ਅਲਬੇਲੀ ਕਿਸਮ ਦਾ ਸੁਭਾਅ ਹੀ ਪੰਜਾਬੀ ਸਭਿਆਚਾਰ ਦੀ ਮੂਲ ਪਛਾਣ ਬਣਦਾ ਹੈ।

ਪੰਜਾਬ ਦੇ ਸਭਿਆਚਾਰਕ ਇਤਿਹਾਸ ਨੂੰ ਜੇ ਵਧੇਰੇ ਗਹੁ ਨਾਲ ਘੋਖਿਆ ਜਾਵੇ ਤਾਂ ਇਹ ਪ੍ਰਤੱਖ ਹੁੰਦਾ ਹੈ ਕਿ ਪੰਜਾਬ ਦੇ ਪ੍ਰਾਕ੍ਰਿਤਕ ਅਤੇ ਭੂਗੋਲਿਕ ਤੱਤਾਂ ਨੇ ਪੰਜਾਬੀ ਸਭਿਆਚਾਰ ਦੇ ਨਿਰਮਾਣ ਵਿਚ ਅਹਿਮ ਯੋਗਦਾਨ ਪਾਇਆ ਹੈ। ਪੰਜਾਬ ਦੇ ਉਪ-ਸਭਿਆਚਾਰਾਂ ਦੀ ਪਛਾਣ ਵੀ ਦਰਿਆਵਾਂ ਦੀ ਕੁਦਰਤੀ ਵੰਡ ਦੇ ਅਨੁਕੂਲ ਹੀ ਚੱਲਦੀ ਹੈ। ਮੌਜੂਦਾ ਪੰਜਾਬ ਦਾ ਜਿਹੜਾ ਭਾਗ ਰਾਵੀ ਅਤੇ ਬਿਆਸ ਵਿਚਕਾਰ ਪੈਂਦਾ ਹੈ। ਉਸ ਨੂੰ 'ਮਾਝਾ' ਖੇਤਰ ਅਤੇ ਜਿਹੜਾ ਭਾਗ ਦਰਿਆ ਬਿਆਸ ਅਤੇ ਸਤਲੁਜ ਦੇ ਵਿਚਕਾਰ ਆਉਂਦਾ ਹੈ ਉਸ ਨੂੰ 'ਦੁਆਬਾ' ਖੇਤਰ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਸਤਲੁਜ ਦੇ ਉੱਤਰ-ਪੂਰਬ ਵੱਲ ਦੇ ਖੇਤਰ ਨੂੰ 'ਮਾਲਵਾ' ਖੇਤਰ ਕਿਹਾ ਜਾਂਦਾ ਹੈ। ਦਰਿਆ ਘੱਗਰ ਦੇ ਇਲਾਕੇ ਨੂੰ 'ਪੁਆਧ' ਖੇਤਰ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਵਾਂ ਦੀ ਵੰਡ ਵੀ ਇਨ੍ਹਾਂ ਇਲਾਕਿਆਂ ਅਨੁਸਾਰ ਮਾਝਾ (ਮਾਝੀ ਉਪ-ਭਾਸ਼ਾ), ਮਾਲਵਾ (ਮਲਵਈ ਉਪ-ਭਾਸ਼ਾ), ਦੁਆਬਾ (ਦੁਆਬੀ ਉਪ-ਭਾਸ਼ਾ), ਪੁਆਧ (ਪੁਆਧੀ ਉਪ-ਭਾਸ਼ਾ) ਆਦਿ ਖੇਤਰਾਂ ਦੇ ਅਨੁਸਾਰ ਕੀਤੀ ਗਈ ਹੈ। ਸਾਂਝੇ ਪੰਜਾਬ ਦੀ ਟਕਸਾਲੀ/ਸਾਹਿਤਕ ਭਾਸ਼ਾ 'ਮਾਝੀ' ਰਹੀ ਹੈ ਪਰੰਤੂ ਅਜੋਕੇ ਪੰਜਾਬ ਦੀ ਟਕਸਾਲੀ/ਸਾਹਿਤਕ ਭਾਸ਼ਾ ਦਾ ਰੁਤਬਾ 'ਮਲਵਈ' ਉਪ-ਭਾਸ਼ਾ ਗ੍ਰਹਿਣ ਕਰ ਰਹੀ ਹੈ।

## ਮਲਵਈ ਉਪ-ਸਭਿਆਚਾਰ

'ਮਲਵਈ ਸਭਿਆਚਾਰ' ਪੰਜਾਬੀ ਸਭਿਆਚਾਰ ਦਾ ਉਪ ਸਭਿਆਚਾਰ ਹੈ ਜੋ ਮਾਲਵੇ ਦੇ ਵਿਸ਼ਾਲ ਖੇਤਰ ਵਿਚ ਰਹਿਣ ਵਾਲ਼ੇ ਲੋਕਾਂ ਦੇ ਜੀਵਨ-ਵਿਹਾਰ ਦੀ ਪਛਾਣ ਬਣਦਾ ਹੈ। 'ਮਾਲਵਾ' ਪੰਜਾਬ ਦਾ ਵਿਸ਼ਾਲ ਤੇ ਅਹਿਮ ਭੂਗੋਲਿਕ ਖੇਤਰ ਹੈ। ਇਹ ਦਰਿਆ ਘੱਗਰ ਅਤੇ ਸਤਲੁਜ ਦੇ ਵਿਚਕਾਰ ਦਾ ਦੱਖਣੀ ਇਲਾਕਾ ਹੈ। ਹਰਿਆਣਾ, ਰਾਜਸਥਾਨ ਅਤੇ ਪਾਕਿਸਤਾਨ ਦੱਖਣ-ਪੱਛਮ ਵੱਲ ਇਸ ਦੀਆਂ ਹੱਦਾਂ ਬਣਾਉਂਦੇ ਹਨ। ਉੱਤਰ ਵੱਲ ਦਰਿਆ ਸਤਲੁਜ ਇਸ ਦੀ ਦੁਆਬੇ ਨਾਲ ਹੱਦ ਨਿਸ਼ਚਿਤ ਕਰਦਾ ਹੈ। ਮਾਲਵੇ ਦੇ ਵਿਸ਼ਾਲ ਖਿੱਤੇ ਵਿਚ ਜ਼ਿਲ੍ਹਾ ਬਠਿੰਡਾ, ਮਾਨਸਾ, ਸੰਗਰੂਰ, ਪਟਿਆਲ਼ਾ, ਲੁਧਿਆਣਾ, ਮੋਗਾ, ਫ਼ਰੀਦਕੋਟ, ਫਿਰੋਜ਼ਪੁਰ, ਮੁਕਤਸਰ, ਫਾਜ਼ਿਲਕਾ ਆਦਿ ਆਉਂਦੇ ਹਨ। ਮਾਲਵੇ ਵਿਚ ਮਲਵਈ ਉਪ-ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ। ਮਾਲਵੇ ਦੇ ਲ਼ੋਕਾਂ ਨੂੰ 'ਮਲਵਈ' ਕਿਹਾ ਜਾਂਦਾ ਹੈ। "ਪੰਜਾਬ ਦੇ ਮਾਵਲਾ ਖੇਤਰ ਦੀਆਂ ਆਪਣੀਆਂ ਹੀ ਵਿਸ਼ੇਸ਼ ਪਰੰਪਰਾਵਾਂ ਹਨ। ਆਪਣੀਆਂ ਪ੍ਰਾਪਤੀਆਂ ਅਤੇ ਢੇਰ ਵਿਲੱਖਣ ਸਰਗਰਮੀਆਂ। ਅੱਜ ਦੀ ਘੜੀ ਪੰਜਾਬ ਦੀ ਰਾਜਨੀਤੀ ਮਲਵਈਆਂ ਦੇ ਹੱਥ ਹੈ। ਪਾਰਟੀ ਚਾਹੇ ਸ਼੍ਰੋਮਣੀ ਅਕਾਲੀ ਦਲ ਹੋਵੇ ਜਾਂ ਕਾਂਗਰਸ, ਵੱਡੇ ਥੰਮ੍ਹ ਮਾਲਵੇ ਨੇ ਹੀ ਪੈਦਾ ਕੀਤੇ।ਮਲਵਈ ਸਭਿਆਚਾਰ ਸਾਰੇ ਪੰਜਾਬ ਵਿਚ ਫੈਲਦਾ ਜਾ ਰਿਹਾ ਹੈ।"[13] ਮਾਲਵਾ ਰਾਜਨੀਤੀ ਹੀ ਨਹੀਂ ਸਗੋਂ ਸਾਹਿਤਕ ਤੇ ਸਭਿਆਚਾਰਕ ਗਤੀਵਿਧੀਆਂ ਵਿਚ ਵੀ ਪੂਰੇ ਪੰਜਾਬ ਦੀ ਅਗਵਾਈ ਕਰ ਰਿਹਾ ਹੈ। ਇਸੇ ਕਰ ਕੇ 'ਮਲਵਈ' ਸਭਿਆਚਾਰ ਦਾ ਬਹੁ-ਪਰਿਪੇਖੀ ਅਧਿਐਨ ਕਰਨਾ ਹੋਰ ਵੀ ਸਾਰਥਿਕ ਨਜ਼ਰ ਆਉਂਦਾ ਹੈ।

ਸਮੁੱਚੇ ਪੰਜਾਬ ਵਾਂਗ ਮਾਲਵੇ ਦੀ ਬਹੁਤੀ ਵਸੋਂ ਪਿੰਡਾਂ ਵਿਚ ਹੀ ਵਸਦੀ ਹੈ। ਪਿੰਡ ਆਪਣੇ ਆਪ ਵਿਚ ਇਕ ਸੰਪੂਰਨ ਸਭਿਆਚਾਰਕ ਇਕਾਈ ਵਜੋਂ ਸਾਹਮਣੇ ਆਉਂਦਾ ਹੈ। "ਪਿੰਡਾਂ ਵਿਚ ਸਾਂਝੇ ਪਰਿਵਾਰ ਵਸਦੇ ਹਨ ਤੇ ਪਰਿਵਾਰ ਦੇ ਮੁਖੀ ਨੂੰ 'ਲਾਣੇਦਾਰ' ਆਖਿਆ ਜਾਂਦਾ ਹੈ। ਪਿੰਡ ਵਿਚਲੇ ਪਰਿਵਾਰਾਂ ਦੀਆਂ ਇਕਾਈਆਂ ਦੀ ਅੰਤਰ-ਨਿਰਭਰਤਾ ਤੇ ਖ਼ੁਦਮੁਖਤਾਰੀ ਵਿੱਚੋਂ ਹੀ ਸਾਰੀਆਂ ਸਭਿਆਚਾਰਕ ਰੂੜ੍ਹੀਆਂ ਨਿਰਧਾਰਤ ਹੁੰਦੀਆਂ ਹਨ।"[14] ਇਹ ਸਭਿਆਚਾਰਕ ਰੂੜ੍ਹੀਆਂ ਹੀ ਮਲਵਈ ਸਭਿਆਚਾਰ ਦੀ ਆਰਸੀ ਬਣ ਕੇ ਉੱਭਰਦੀਆਂ ਹਨ, ਜਿਨ੍ਹਾਂ ਵਿੱਚੋਂ ਮਲਵਈ ਸਭਿਆਚਾਰ ਸਮੱਗਰ ਰੂਪ ਵਿਚ ਨਜ਼ਰ ਆਉਂਦਾ ਹੈ। ਮਲਵਈਆਂ ਦੀ ਰੋਜ਼-ਮਰ੍ਹਾ ਦੀ ਜ਼ਿੰਦਗੀ ਵਿਚਲੇ ਰਸਮੋ-ਰਿਵਾਜ਼ ਵੀ ਪੰਜਾਬ ਦੇ ਦੂਸਰੇ ਖੇਤਰਾਂ ਦੇ ਉਪ-ਸਭਿਆਚਾਰਾਂ ਨਾਲੋਂ ਵੱਖਰਤਾ ਰੱਖਦੇ ਹਨ।

ਮਲਵਈ ਸਭਿਆਚਾਰ ਆਪਣੀਆਂ ਜਨਮ, ਵਿਆਹ ਤੇ ਮੌਤ ਸਮੇਂ ਕੀਤੀਆਂ ਜਾਂਦੀਆਂ ਵਿਸ਼ੇਸ਼ ਤੇ ਵਿਲੱਖਣ ਰਸਮਾਂ ਕਰ ਕੇ ਵੱਖਰਾ ਹੀ ਨਹੀਂ ਸਗੋਂ ਹੋਰ ਵੀ

ਅਨੇਕ ਕਾਰਨਾਂ ਕਰ ਕੇ ਆਪਣੀ ਵੱਖਰੀ ਹੋਂਦ ਰੱਖਦਾ ਹੈ। ਮਲਵਈ ਸਭਿਆਚਾਰ ਦੀ ਇਹ ਵਿਲੱਖਣ ਪਛਾਣ ਹੈ ਕਿ ਇਸ ਸਭਿਆਚਾਰ ਵਿਚ ਵਿਚਰਣ ਵਾਲ਼ੇ ਮਲਵਈ ਲੋਕ ਕਿਰਤ ਕਰ ਕੇ ਖਾਣ ਵਾਲ਼ੇ ਤੇ ਹੱਕ ਸੱਚ ਦੀ ਲੜਾਈ ਉੱਤੇ ਪਹਿਰਾ ਦੇਣ ਵਾਲ਼ੇ ਜੋਧੇ ਮਨੁੱਖ ਹਨ। ਸੱਚੀ ਤੇ ਸੁੱਚੀ ਕਮਾਈ, ਨਿਰਛਲਤਾ ਤੇ ਭੋਲ਼ਾ ਸੁਭਾਅ ਹੀ ਇਨ੍ਹਾਂ ਦੇ ਤਕੜੇ ਜੁੱਸੇ ਦਾ ਲਖਾਇਕ ਹੈ। ਮਲਵਈ ਔਰਤ ਵੀ ਹੱਡਾਂ ਪੈਰਾਂ ਦੀ ਖੁੱਲ੍ਹੀ, ਘਰ-ਕਬੀਲਦਾਰੀ ਵਿਚ ਪਤੀ ਦਾ ਸਾਥ ਦੇਣ ਵਾਲ਼ੀ ਧੜੱਲੇਦਾਰ ਮਲਵੈਣ ਬਣ ਕੇ ਉੱਭਰਦੀ ਹੈ। ਮਲਵਈਆਂ ਦਾ ਆਪਣਾ ਵਿਸ਼ੇਸ਼ ਖਾਣ-ਪੀਣ, ਰਹਿਣ-ਸਹਿਣ, ਪਹਿਰਾਵਾ, ਸੁਭਾਅ, ਵਿਆਹ-ਸ਼ਾਦੀਆਂ ਦੇ ਰਸਮੋ-ਰਿਵਾਜ਼, ਰਿਸ਼ਤਾ-ਨਾਤਾ ਪ੍ਰਬੰਧ, ਵਹਿਮ-ਭਰਮ, ਲੋਕ-ਵਿਸ਼ਵਾਸ, ਅਨੁਸ਼ਠਾਨ ਆਦਿ ਹਨ ਜਿਹੜੇ ਉਨ੍ਹਾਂ ਦੀ ਵੱਖਰੀ ਪਛਾਣ ਸਥਾਪਤ ਕਰਦੇ ਹਨ। ਮਲਵਈ ਆਪਣੇ ਸੁਭਾਅ ਕਾਰਨ ਜਿੱਥੇ ਕੁਦਰਤੀ ਖੁੱਲ੍ਹਾਂ ਨੂੰ ਮਾਣਦੇ ਹਨ ਉੱਥੇ ਮੁਸੀਬਤਾਂ ਵੀ ਸਹੇੜ ਲੈਂਦੇ ਹਨ। ਇਹ ਮਲਵਈ ਸਭਿਆਚਾਰ ਦਾ ਖ਼ਾਸਾ ਹੈ।

ਉਪਰੋਕਤ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ, ਭੂਗੋਲਿਕ ਆਦਿ ਵਖਰੇਵਿਆਂ ਦੇ ਨਾਲ-ਨਾਲ ਇਕ ਹੋਰ ਮਹੱਤਵਪੂਰਨ ਪੱਖ ਹੈ ਜੋ ਮਲਵਈ ਉਪ-ਸਭਿਆਚਾਰ ਨੂੰ ਪੰਜਾਬੀ ਸਭਿਆਚਾਰ ਦੇ ਹੋਰਨਾਂ ਉਪ-ਸਭਿਆਚਾਰਾਂ ਨਾਲੋਂ ਨਿਖੇੜਦਾ ਹੈ – ਉਹ 'ਮਲਵਈ ਉਪ-ਭਾਸ਼ਾ' ਹੈ। ਬੇਸ਼ੱਕ ਮਲਵਈ ਉਪ-ਭਾਸ਼ਾ ਮੂਲ ਕੇਂਦਰੀ ਪੰਜਾਬੀ ਨਾਲੋਂ ਬਹੁਤੀ ਵੱਖਰੀ ਨਹੀਂ ਪਰੰਤੂ ਮਲਵਈ ਭਾਸ਼ਾ ਦਾ ਖ਼ਾਸ ਲਹਿਜ਼ਾ, ਉਚਾਰਨ ਢੰਗ ਅਤੇ ਖ਼ਾਸ ਸ਼ਬਦਾਵਲੀ ਕਾਰਨ ਇਹ ਪੰਜਾਬੀ ਦੀਆਂ ਦੂਜੀਆਂ ਉਪ-ਭਾਸ਼ਾਵਾਂ ਤੋਂ ਵੱਖਰੀ ਹੋਂਦ ਵਾਲ਼ੀ ਹੈ। ਮਲਵਈ ਉਪ-ਭਾਸ਼ਾ ਆਪਣੀਆਂ ਵਿਸ਼ੇਸ਼ ਵਿਲੱਖਣਤਾਵਾਂ ਤਹਿਤ ਮਲਵਈ ਸਭਿਆਚਾਰ ਨੂੰ ਉਸ ਦੇ ਅਵਚੇਨੀ ਧਰਾਤਲ ਤੋਂ ਅਗਰਭੂਮੀ 'ਤੇ ਲੈ ਆਉਂਦੀ ਹੈ।

ਸਪੱਸ਼ਟ ਹੈ, ਸਭਿਆਚਾਰ ਇਕ ਅਜਿਹਾ ਸਰਵ-ਵਿਆਪਕ ਵਰਤਾਰਾ ਹੈ ਜਿਹੜਾ ਹਰ ਮਨੁੱਖੀ ਸਮਾਜ ਦੀ ਆਧਾਰਸ਼ਿਲਾ ਬਣਦਾ ਹੈ। ਕੋਈ ਵੀ ਮਨੁੱਖੀ ਸਮਾਜ ਚਾਹੇ ਉਹ ਵਿਕਾਸ ਦੇ ਕਿਸੇ ਵੀ ਪੜਾਅ 'ਤੇ ਹੋਵੇ ਉਹ ਸਭਿਆਚਾਰ ਤੋਂ ਵਿਰਵਾ ਨਹੀਂ ਹੁੰਦਾ। ਸਭਿਆਚਾਰ ਵਿਚ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਦੇ ਲੋਕਾਂ ਦਾ ਸਮੁੱਚਾ ਜੀਵਨ ਵਿਹਾਰ ਸ਼ਾਮਿਲ ਹੁੰਦਾ ਹੈ। ਜਿਉਂ-ਜਿਉਂ ਮਨੁੱਖੀ ਸਮਾਜ ਵਿਕਾਸ ਕਰਦਾ ਹੈ ਤਿਉਂ-ਤਿਉਂ ਸਭਿਆਚਾਰ ਵਿਚ ਵੀ ਅੰਦਰੂਨੀ ਅਤੇ ਕਈ ਵਾਰ ਬਾਹਰੀ ਕਾਰਨਾਂ ਕਰ ਕੇ ਪਰਿਵਰਤਨ ਵਾਪਰਦਾ ਰਹਿੰਦਾ ਹੈ। ਇਸੇ ਕਾਰਨ ਹੀ ਸਭਿਆਚਾਰ ਵਿਚ ਨਵਾਂਪਣ ਆਉਂਦਾ ਰਹਿੰਦਾ ਹੈ। ਕਿਸੇ ਵਿਸ਼ਾਲ ਭੂਗੋਲਿਕ ਖਿੱਤੇ ਵਿਚ ਪ੍ਰਕ੍ਰਿਤਕ ਹੱਦ ਬੰਦੀਆਂ ਜਿਵੇਂ ਦਰਿਆਵਾਂ/ਪਹਾੜਾਂ ਆਦਿ ਕਰ ਕੇ ਇਲਾਕਾਈ ਵੱਖਰਤਾਵਾਂ ਆ ਜਾਂਦੀਆਂ ਹਨ। ਇਹਨਾਂ ਵੱਖਰਤਾਵਾਂ ਅਤੇ ਭਾਸ਼ਾਈ ਵਿਭਿੰਨਤਾਵਾਂ ਕਾਰਨ ਇਹਨਾਂ

ਉਪ-ਖੇਤਰਾਂ ਦੇ ਮਨੁੱਖੀ ਜਨ-ਸਮੂਹਾਂ ਦੇ ਸਭਿਆਚਾਰ ਨੂੰ ਹੀ ਉਪ-ਸਭਿਆਚਾਰ ਕਿਹਾ ਜਾਂਦਾ ਹੈ। ਕਈ ਉਪ-ਸਭਿਆਚਾਰ ਮਿਲ ਕੇ ਹੀ ਮੂਲ ਸਭਿਆਚਾਰ ਦੀ ਸਿਰਜਣਾ ਕਰਦੇ ਹਨ। ਭਾਰਤ ਦੇ ਸੰਦਰਭ ਵਿਚ ਪੰਜਾਬੀ, ਗੁਜਰਾਤੀ, ਰਾਜਸਥਾਨੀ ਆਦਿ ਉਪ-ਸਭਿਆਚਾਰਾਂ ਨੂੰ ਅਤੇ ਪੰਜਾਬ ਦੇ ਸੰਦਰਭ ਵਿਚ ਮਲਵਈ, ਮਾਝੀ, ਦੁਆਬੀ ਆਦਿ ਉਪ-ਸਭਿਆਚਾਰਾਂ ਨੂੰ ਵੇਖਿਆ ਜਾ ਸਕਦਾ ਹੈ। ਮਲਵਈ ਸਭਿਆਚਾਰ ਪੰਜਾਬੀ ਸਭਿਆਚਾਰ ਦਾ ਅਹਿਮ ਉਪ-ਸਭਿਆਚਾਰ ਹੈ ਜੋ ਪੰਜਾਬ ਦਾ ਮੂਲ ਸਭਿਆਚਾਰ ਬਣਨ ਦੀਆਂ ਸੰਭਾਵਨਾਵਾਂ ਨਾਲ ਪਰਭੂਰ ਹੈ। ਮਲਵਈ ਸਭਿਆਚਾਰ ਦੀਆਂ ਰਾਜਨੀਤਿਕ, ਧਾਰਮਿਕ, ਸਾਹਿਤਕ ਅਤੇ ਸਭਿਆਚਾਰਕ ਗਤੀਵਿਧੀਆਂ ਪੂਰੇ ਪੰਜਾਬ ਦੇ ਸਭਿਆਚਾਰ ਨੂੰ ਪ੍ਰਭਾਵਿਤ ਕਰਦੀਆਂ ਹਨ ਇਸ ਕਰ ਕੇ ਮਲਵਈ ਸਭਿਆਚਾਰ ਪੰਜਾਬ ਦਾ ਮਹੱਤਵਪੂਰਨ ਸਭਿਆਚਾਰ ਬਣ ਕੇ ਉੱਭਰਦਾ ਹੈ।

ਇਉਂ ਸਭਿਆਚਾਰ ਅਤੇ ਉਪ-ਸਭਿਆਚਾਰ ਦੋ ਅੰਤਰ-ਸਬੰਧਿਤ ਵਰਤਾਰਿਆਂ ਵਜੋਂ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਨ੍ਹਾਂ ਦਾ ਵਰਤਮਾਨ ਸਮੇਂ ਵਿਚ ਅਧਿਐਨ ਇਕ-ਦੂਜੇ ਦੇ ਸੰਦਰਭ ਵਿਚ ਹੀ ਸੰਭਵ ਹੋ ਸਕਦਾ ਹੈ। ਬੇਸ਼ੱਕ ਅਜੋਕੇ ਤਕਨੀਕੀ ਬਿਜਲਈ ਸਾਧਨਾਂ ਅਤੇ ਆਵਾਜਾਈ ਦੀਆਂ ਸਹੂਲਤਾਂ ਨੇ ਸਭਿਆਚਾਰ ਅਤੇ ਉਪ-ਸਭਿਆਚਾਰ ਵਿਚਲੀਆਂ ਵੱਖਰਤਾਵਾਂ ਨੂੰ ਵੱਡੇ ਪੱਧਰ 'ਤੇ ਮੇਟਿਆ ਹੈ ਜਿਸ ਦੇ ਪ੍ਰਤੀਫ਼ਲ ਵਜੋਂ ਉਪ-ਸਭਿਆਚਾਰਕ ਪਛਾਣਾਂ ਵੀ ਖੁਰੀਆਂ ਹਨ, ਇਸ ਦੇ ਬਾਵਜੂਦ ਹਰ ਵਿਸ਼ੇਸ਼ ਖਿੱਤੇ ਦੇ ਸਭਿਆਚਾਰ ਦੀਆਂ ਆਪਣੀਆਂ ਕੁਝ ਵਿਸ਼ੇਸ਼ ਪਰੰਪਰਕ ਰੀਤਾਂ-ਰਸਮਾਂ, ਵਿਸ਼ਵਾਸ, ਕਿਤੇ, ਭਾਸ਼ਾਈ ਲਹਿਜਾ ਆਦਿ ਹੁੰਦੇ ਹਨ ਜੋ ਉਸ ਖਿਤੇ ਦੇ ਲੋਕਾਂ ਨੂੰ ਨਿਵੇਕਲੀ ਜੀਵਨ-ਜਾਚ ਬਖ਼ਸ਼ਦੇ ਹਨ। ਇਸ ਕਰ ਕੇ ਸਭਿਆਚਾਰ ਅਤੇ ਉਪ-ਸਭਿਆਚਾਰ ਦਾ ਅਧਿਐਨ ਕਰਨਾ ਕਠਿਨ ਤਾਂ ਜ਼ਰੂਰ ਹੈ ਪਰੰਤੂ ਨਾਮੁਮਕਿਨ ਹਰਗਿਜ਼ ਨਹੀਂ ਹੈ। ਇਉਂ ਸਭਿਆਚਾਰ ਅਤੇ ਉਪ-ਸਭਿਆਚਾਰ ਦਾ ਅਧਿਐਨ ਕਰਦਿਆਂ ਅਧਿਐਨ ਕਰਤਾ ਨੂੰ ਜਿੱਥੇ ਕਿਸੇ ਵਿਸ਼ੇਸ਼ ਖਿੱਤੇ ਦੇ ਕੇਂਦਰੀ ਸਭਿਆਚਾਰ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਹੁੰਦੀ ਹੈ ਉੱਥੇ ਉਸੇ ਸਭਿਆਚਾਰ ਦੇ ਉਪ-ਸਭਿਆਚਾਰਾਂ ਦੀਆਂ ਉਪ-ਸਭਿਆਚਾਰਕ ਪਛਾਣਾਂ ਨੂੰ ਨਿਰਧਾਰਤ ਕਰਨ ਵਾਲੇ ਤੱਤਾਂ/ਕਾਰਕਾਂ ਦਾ ਅਧਿਐਨ ਕਰਨਾ ਵੀ ਲਾਜ਼ਮੀ ਹੁੰਦਾ ਹੈ। ਇਸ ਤਰ੍ਹਾਂ ਸਭਿਆਚਾਰ ਅਤੇ ਉਪ-ਸਭਿਆਚਾਰ ਦਾ ਅਧਿਐਨ ਇਕ-ਦੂਜੇ ਦੇ ਸੰਦਰਭ ਵਿਚ ਹੀ ਸੰਭਵ ਹੋ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਅਮਰਜੀਤ ਗਰੇਵਾਲ (ਡਾ.), ਪੰਜਾਬੀ ਸਭਿਆਚਾਰ ਦਾ ਭਵਿੱਖ, ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ, 1999, ਪੰਨਾ 9.
2. ਉਦਰਿਤ, ਸਰਬਜੋਤ ਸਿੰਘ (ਡਾ.), ਵਿਸ਼ਵੀਕਰਨ, ਸਭਿਆਚਾਰਕ ਬਦਲਾਵ ਅਤੇ ਪੰਜਾਬੀ ਨਾਵਲ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ 16.
3. रामधारी सिंह दिनकर, संस्कृति के चार अध्याय, राजपाल एंड संन्ज, मितीहीन, पृष्ठ 652.
4. ਗੁਰਬਖ਼ਸ਼ ਸਿੰਘ ਫ਼ਰੈਕ (ਡਾ.), ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 1996, ਪੰਨਾ 23.
5. ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲ਼ਾ, 1989, ਪੰਨਾ 07.
6. श्याम चरन दूबे, मानव और संस्कृति, राजकमल प्रकाशन, दिल्ली, पृष्ठ 61.
7. ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲ਼ਾ, 1989, ਪੰਨਾ 06.
8. ਗੁਰਬਖ਼ਸ਼ ਸਿੰਘ ਫ਼ਰੈਂਕ (ਡਾ.), ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1996, ਪੰਨਾ 37.
9. ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ : ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲ਼ਾ, 1989, ਪੰਨਾ 14.
10. ਤਰਲੋਚਨ ਸਿੰਘ ਰੰਧਾਵਾ (ਡਾ.), ਪੰਜਾਬੀ ਸਭਿਆਚਾਰ ਅਤੇ ਹੀਰ ਕਾਵਿ-ਪਰੰਪਰਾ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 1990, ਪੰਨੇ 13-14.
11. ਗੁਰਬਖ਼ਸ਼ ਸਿੰਘ ਫ਼ਰੈਂਕ (ਡਾ.), ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 1996. ਪੰਨੇ 12-13.
12. ਟੀ.ਆਰ.ਵਿਨੋਦ (ਡਾ.), ਸੰਸਕ੍ਰਿਤੀ : ਸਿਧਾਂਤ ਅਤੇ ਵਿਹਾਰ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2004, ਪੰਨਾ 82.
13. ਰਾਮ ਸਰੂਪ ਅਣਖੀ, ਦੇਸ ਮਾਲਵਾ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ 7.
14. ਨਾਹਰ ਸਿੰਘ (ਡਾ.), ਲੋਕ-ਕਾਵਿ ਦੀ ਸਿਰਜਣ ਪ੍ਰਕਿਰਿਆ, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1983, ਪੰਨਾ 28.